ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2417 | 27 March, 2026 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ਼ ਦੁਨੀਆਂ | +1 (209) 303-1260

## ਅਮਰੀਕੀ ਡਾਲਰ 'ਤੇ ਹੋਣਗੇ ਰਾਸ਼ਟਰਪਤੀ ਟਰੰਪ ਦੇ ਦਸਤਖ਼ਤ

## ਪਹਿਲੀ ਵਾਰ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਡਾਲਰ 'ਤੇ ਦਸਤਖਤ ਦਿਖਾਈ ਦੇਣਗੇ

ਵਾਸ਼ਿੰਗਟਨ ਡੀ.ਸੀ
ਸਾਂਝੀ ਸੋਚ ਬਿਊਰੋ

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖਤ ਜਲਦੀ ਹੀ ਅਮਰੀਕੀ ਕਰੰਸੀ 'ਤੇ ਦਿਖਾਈ ਦੇਣਗੇ। ਸੰਯੁਕਤ ਰਾਜ ਅਮਰੀਕਾ ਵਿੱਚ ਪਹਿਲੀ ਵਾਰ, ਇੱਕ ਮੌਜੂਦਾ ਰਾਸ਼ਟਰਪਤੀ ਦੇ ਦਸਤਖਤ ਡਾਲਰ 'ਤੇ ਹੋਣਗੇ। ਇਹ ਫੈਸਲਾ ਅਮਰੀਕੀ ਖਜ਼ਾਨਾ ਵਿਭਾਗ ਦੁਆਰਾ ਲਿਆ ਗਿਆ ਹੈ । ਟਰੰਪ ਦੇ ਦਸਤਖਤ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਦੇ ਦਸਤਖਤ ਦੇ ਨਾਲ ਨੋਟ 'ਤੇ ਦਿਖਾਈ ਦੇਣਗੇ। ਡਾਲਰ ਦੇ ਨੋਟ 1861 ਵਿੱਚ ਸ਼ੁਰੂ ਕੀਤੇ ਗਏ ਸਨ। ਉਦੋਂ ਤੋਂ, ਕਿਸੇ ਵੀ ਮੌਜੂਦਾ ਰਾਸ਼ਟਰਪਤੀ ਦੇ ਦਸਤਖਤ ਕਰੰਸੀ 'ਤੇ ਨਹੀਂ ਦਿਖਾਈ ਦਿੱਤੇ ਹਨ। ਇਹ ਬਦਲਾਅ ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਕੀਤਾ ਜਾ ਰਿਹਾ ਹੈ। ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਕਿਹਾ ਕਿ ਟਰੰਪ ਦੀ ਅਗਵਾਈ ਹੇਠ, ਅਮਰੀਕਾ ਆਰਥਿਕ ਮਜ਼ਬੂਤੀ ਅਤੇ ਸਥਿਰਤਾ ਵੱਲ ਵਧ ਰਿਹਾ ਹੈ। ਦੇਸ਼ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਦਾ ਡਾਲਰ ਦੇ ਨੋਟ 'ਤੇ ਰਾਸ਼ਟਰਪਤੀ ਦਾ ਨਾਮ ਹੋਣ ਤੋਂ ਵਧੀਆ ਹੋਰ ਕੋਈ ਤਰੀਕਾ ਨਹੀਂ ਹੋ ਸਕਦਾ। ਇਸ ਮਹੀਨੇ



ਦੇ ਸ਼ੁਰੂ ਵਿੱਚ, ਇੱਕ ਸੰਘੀ ਕਲਾ ਕਮਿਸ਼ਨ ਨੇ ਟਰੰਪ ਦੀ ਵਿਸ਼ੇਸ਼ਤਾ ਵਾਲੇ 24-ਕੈਰੇਟ ਸੋਨੇ ਦੇ ਯਾਦਗਾਰੀ ਸਿੱਕੇ ਦੇ ਡਿਜ਼ਾਈਨ ਨੂੰ ਮਨਜ਼ੂਰੀ ਦਿੱਤੀ। ਇਹ ਸਿੱਕਾ ਅਮਰੀਕਾ ਦੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਵੀ ਜਾਰੀ ਕੀਤਾ ਜਾਵੇਗਾ।

## ਅੰਮ੍ਰਿਤਸਰ ਵਿੱਚ ਸਰਹੱਦ ਪਾਰੋਂ ਚੱਲ ਰਹੇ ਗੈਰ-ਕਾਨੂੰਨੀ ਹਥਿਆਰ ਤਸਕਰੀ

## ਮਾਡਿਊਲ ਨਾਲ ਜੁੜੇ ਦੋ ਵਿਅਕਤੀ ਕਾਬੂ: 10 ਆਧੁਨਿਕ ਪਿਸਤੌਲ ਬਰਾਮਦ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਸਰਹੱਦ ਪਾਰੋਂ ਚੱਲ ਰਹੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਨਾਲ ਜੁੜੇ 2 ਮੁਲਜ਼ਮਾਂ ਨੂੰ 10 ਵਿਦੇਸੀ ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਰੇਸ਼ਮ ਸਿੰਘ ਵਾਸੀ ਖੁਸ਼ੂਪੁਰਾ, ਅੰਮ੍ਰਿਤਸਰ ਅਤੇ ਮਨਪ੍ਰੀਤ ਸਿੰਘ ਵਾਸੀ ਖਵਾਸਪੁਰ, ਤਰਨਤਾਰਨ ਵਜੋਂ ਹੋਈ ਹੈ।

ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਇੱਕ ਤੁਰਕੀ ਦਾ ਬਣਿਆ ਜ਼ਿਗਾਨਾ ਪਿਸਤੌਲ, ਇੱਕ ਆਸਟਰੀਆ ਦਾ ਬਣਿਆ ਗਲੌਕ ਪਿਸਤੌਲ, ਦੋ ਅਮਰੀਕਾ ਦੇ ਬਣੇ ਬ੍ਰੇਟਾ ਪਿਸਤੌਲ, ਪੰਜ ਪੀਐਕਸ 5 ਪਿਸਤੌਲ ਅਤੇ ਇੱਕ ਚੀਨ ਦੇ ਬਣੇ ਨੋਰਿੰਕੋ ਪਿਸਤੌਲ ਸਮੇਤ ਮੈਗਜ਼ੀਨਾਂ ਸ਼ਾਮਲ ਹਨ। ਪੁਲਿਸ ਟੀਮਾਂ ਨੇ ਉਨ੍ਹਾਂ ਦਾ ਕਾਲੇ ਰੰਗ ਦਾ ਪਲੈਟੀਨਾ ਮੋਟਰਸਾਈਕਲ (ਪੀਬੀ 63 ਡੀ 3668) ਜਿਸ ਦੀ ਵਰਤੋਂ ਖੇਪਾਂ ਦੀ ਡਿਲੀਵਰੀ ਲਈ ਕੀਤੀ ਜਾਂਦੀ ਸੀ, ਨੂੰ ਵੀ ਜ਼ਬਤ ਕਰ ਲਿਆ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਸ਼ੀ ਪਾਕਿਸਤਾਨ ਸਥਿਤ ਤਸਕਰਾਂ ਦੇ ਤਾਲਮੇਲ ਨਾਲ ਵਿਦੇਸ਼ੀ ਗੈਂਗਸਟਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਅਤੇ ਭਾਰਤ ਵਿੱਚ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਵਿੱਚ ਸਹਾਇਤਾ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਹ ਖੇਪ ਸੂਬੇ ਭਰ ਵਿੱਚ ਅਪਰਾਧਿਕ ਤੱਤਾਂ ਨੂੰ ਡਿਲੀਵਰ ਕੀਤੀ ਜਾਣੀ ਸੀ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਸੀਆਈ ਅੰਮ੍ਰਿਤਸਰ ਨੂੰ ਇੱਕ ਭਰੋਸੇਯੋਗ ਜਾਣਕਾਰੀ ਮਿਲੀ ਸੀ ਕਿ ਵਿਦੇਸ਼ੀ ਗੈਂਗਸਟਰ ਆਪਣੇ ਪੰਜਾਬ ਸਥਿਤ ਸਾਥੀਆਂ ਦੀ ਮਦਦ ਨਾਲ ਪਾਕਿਸਤਾਨ ਤੋਂ ਭਾਰਤ ਵਿੱਚ ਡਰੋਨ ਰਾਹੀਂ ਗੈਰ-ਕਾਨੂੰਨੀ ਹਥਿਆਰਾਂ/ਗੋਲੀ ਸਿੱਕੇ ਦੀ ਤਸਕਰੀ ਕਰ ਰਿਹਾ ਹੈ।

ਡੀਜੀਪੀ ਨੇ ਕਿਹਾ ਕਿ ਪ੍ਰਾਪਤ ਜਾਣਕਾਰੀ ਮੁਤਾਬਕ ਉਨ੍ਹਾਂ ਦੇ ਪੰਜਾਬ ਸਥਿਤ ਸਾਥੀ ਰੇਸ਼ਮ ਸਿੰਘ ਨੇ ਹਥਿਆਰਾਂ ਦੀ ਖੇਪ ਪ੍ਰਾਪਤ ਕੀਤੀ ਹੈ ਅਤੇ ਪਾਕਿਸਤਾਨੀ ਤਸਕਰਾਂ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੰਭਾਵੀ ਤੌਰ 'ਤੇ ਉਹ ਇਹ ਖੇਪ ਅੰਮ੍ਰਿਤਸਰ ਤੋਂ ਚੋਗਾਵਾਂ ਸੜਕ 'ਤੇ ਨਹਿਰ ਦੇ ਪੁਲ ਨਜਦੀਕ ਪਿੰਡ ਕੋਹਾਲੀ ਨੇੜੇ ਸ਼ੱਕੀ ਮਨਪ੍ਰੀਤ ਸਿੰਘ ਨੂੰ ਡਿਲੀਵਰ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਨਾਕਾ ਲਗਾਇਆ ਅਤੇ ਦੋਵਾਂ ਮੁਲਜ਼ਮਾਂ ਨੂੰ ਹਥਿਆਰਾਂ ਦੀ ਖੇਪ ਸਮੇਤ ਗ੍ਰਿਫ਼ਤਾਰ ਕਰ ਲਿਆ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਪੂਰੇ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਜਾ ਸਕੇ। ਇਸ ਸਬੰਧੀ, ਐਫਆਈਆਰ ਨੰਬਰ 20 ਮਿਤੀ 27-03-2026 ਨੂੰ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਅਸਲਾ ਐਕਟ ਦੀ ਧਾਰਾ 25, 25(1) ਏ ਅਤੇ 25(1) ਬੀ ਅਤੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਐਕਟ ਦੀ ਧਾਰਾ 61(2) ਤਹਿਤ ਦਰਜ ਕੀਤੀ ਗਈ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ


EQUAL HOUSING OPPORTUNITY

★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ

★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**


OPEN
NAV INDIAN MERCHANDISE
GROCERY STORE
3230 MITCHELL ROAD, STE, C, CERES, CA 95307
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ
ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ,
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ,
ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ
ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ
ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ
ਇੱਕ ਵਾਰ Visit ਜ਼ਰੂਰ ਕਰੋ।
Ria
MONEY TRANSFER
INDIA
ਪੈਸੇ ਭੇਜਣ ਲਈ
RIA MONEY TRANSFER ਦੀਆਂ
ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Contact Number
+1 (209) 537-5702

ਸਾਂਝੀ ਸੋਚ SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਭਰੋਸੇ ਨਾਲ ਵਪਾਰ: ਭਾਰਤ-ਅਮਰੀਕਾ ਸਮਝੌਤਾ ਕਿਸਾਨਾਂ ਦੀ ਸੁਰੱਖਿਆ ਦੇ ਨਾਲ ਵਪਾਰ ਦਾ ਨਵਾਂ ਅਧਿਆਇ



ਪ੍ਰੋ: ਸਰਚਾਂਦ ਸਿੰਘ ਖਿਆਲਾ
97813-55522

2025 ਦੀ ਸ਼ੁਰੂਆਤ ਵਿੱਚ ਅਮਰੀਕਾ ਵੱਲੋਂ ਭਾਰਤੀ ਨਿਰਯਾਤ ‘ਤੇ 50% ਟੈਰਿਫ਼ ਲਗਾਇਆ ਗਿਆ। ਸੋਚਿਆ ਹੋਵੇਗਾ ਕਿ ਭਾਰਤ ਡਰ ਜਾਵੇਗਾ। ਪਰ ਇਹ ਨਵਾਂ ਭਾਰਤ ਹੈ ਇਹ ਡਰਦਾ ਨਹੀਂ, ਇਹ ਰਣਨੀਤੀ ਬਣਾਉਂਦਾ ਹੈ। ਭਾਰਤ ਨੇ ਨਾ ਤਾਂ ਹੜਬੜਾਹਟ ਵਿੱਚ ਫ਼ੈਸਲਾ ਕੀਤਾ ਅਤੇ ਨਾ ਹੀ ਝੁਕਿਆ। ਇਸ ਦੀ ਥਾਂ ਯੂਰਪ, ਜਾਪਾਨ, ਅਫ਼ਰੀਕਾ, ਵੀਅਤਨਾਮ ਅਤੇ ਮੱਧ-ਪੂਰਬ ਨਾਲ ਆਪਣੇ ਵਪਾਰਕ ਸੰਬੰਧ ਹੋਰ ਮਜ਼ਬੂਤ ਕਰਦੇ ਹੋਏ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਕਿ ਭਾਰਤ ਕਿਸੇ ਇੱਕ ਧੁਰੇ ‘ਤੇ ਨਿਰਭਰ ਨਹੀਂ। ਇਹ ਭਾਰਤ ਆਪਣੀ ਆਰਥਿਕ ਤਾਕਤ ਨੂੰ ਨਵੇਂ ਮੋੜ ‘ਤੇ ਲੈ ਜਾਣ ਅਤੇ ਵਿਸ਼ਵ ਪੱਧਰ ‘ਤੇ ਮਜ਼ਬੂਤ ਭੂਮਿਕਾ ਲਈ ਉਤਸੁਕ ਹੈ।

ਇਸੇ ਸੰਦਰਭ ਵਿੱਚ ਹੁਣ ਅਮਰੀਕਾ ਨੇ ਭਾਰਤ ਨਾਲ ਦੁਵੱਲੀ ਵਪਾਰ ਦੀ ਅਹਿਮੀਅਤ ਨੂੰ ਸਮਝਿਆ। ਅਮਰੀਕਾ ਵੱਲੋਂ ਭਾਰਤ ਨਾਲ ਮਹੱਤਵਪੂਰਨ ਵਪਾਰ ਸਮਝੌਤਾ ਕਰਦਿਆਂ 50% ਟੈਰਿਫ਼ ਵਿੱਚ 32% ਦੀ ਕਟੌਤੀ ਕਰਕੇ ਇਸਨੂੰ 18% ਤੱਕ ਲਿਆਉਣਾ ਸਿਰਫ਼ ਕੋਈ ਕਾਗ਼ਜ਼ੀ ਕਾਰਵਾਈ ਜਾਂ ਅੰਕੜਿਆਂ ਦੀ ਖੇਡ ਨਹੀਂ, ਸਗੋਂ ਇਹ ਸਾਬਤ ਕਰਦਾ ਹੈ ਕਿ ਜੇ ਨੀਅਤ ਸਾਫ਼ ਅਤੇ ਲੀਡਰਸ਼ਿਪ ਮਜ਼ਬੂਤ ਹੋਵੇ, ਤਾਂ ਦੁਨੀਆ ਦੀ ਸਭ ਤੋਂ ਵੱਡੀ ਤਾਕਤ ਵੀ ਭਾਰਤ ਦੀ ਗੱਲ ਸੁਣਦੀ ਹੈ।

ਇਸ ਸਮਝੌਤੇ ਨਾਲ ਭਾਰਤੀ ਨਿਰਯਾਤਕਾਰਾਂ ਲਈ ਅਮਰੀਕੀ ਬਾਜ਼ਾਰ ਹੋਰ ਖੁੱਲ੍ਹ ਗਿਆ ਹੈ। ਮੌਜੂਦਾ 191 ਬਿਲੀਅਨ ਡਾਲਰ ਦਾ ਦੁਵੱਲੀ ਵਪਾਰ ਅਗਲੇ ਪੰਜ ਸਾਲਾਂ ਵਿੱਚ 500 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਸੰਭਾਵਨਾ ਹੈ।

ਇਸ ਦੌਰਾਨ ਭਾਰਤ-ਅਮਰੀਕਾ ਵਪਾਰ ਸਮਝੌਤਾ (ਭਠਅ) ਨੂੰ ਲੈ ਕੇ ਵਿਰੋਧੀ ਧਿਰਾਂ ਵੱਲੋਂ ਕਾਫ਼ੀ ਚਰਚਾ ਕੀਤੀ ਜਾ ਰਹੀ ਹੈ, ਖ਼ਾਸ ਕਰਕੇ ਕਿਸਾਨ ਭਾਈਚਾਰੇ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਿਵੇਂ ਕਿ ਮੱਕੀ ਤੇ ਸੋਇਆਬੀਨ ਦੀਆਂ ਕੀਮਤਾਂ ਘਟ ਜਾਣਗੀਆਂ, ਬਾਹਰੋਂ ਫਲ ਆਉਣ ਨਾਲ ਦੇਸੀ ਕਿਸਾਨਾਂ ਨੂੰ ਨੁਕਸਾਨ ਹੋਵੇਗਾ ਅਤੇ ਖਾਣ ਵਾਲੇ ਤੇਲ ਵਿੱਚ ਵਿਦੇਸ਼ੀ ਮੁਕਾਬਲਾ ਵੱਧ ਜਾਵੇਗਾ ਆਦਿ।

ਬੇਸ਼ੱਕ ਇਹ ਚਿੰਤਾਵਾਂ ਗੰਭੀਰ ਹਨ ਅਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਭਾਰਤ ਵਿੱਚ ਖੇਤੀ ਸਿਰਫ਼ ਰੋਜ਼ੀ-ਰੋਟੀ ਨਹੀਂ, ਸਗੋਂ ਖਾਦ ਸੁਰੱਖਿਆ ਅਤੇ ਪਿੰਡਾਂ ਦੀ ਜ਼ਿੰਦਗੀ ਨਾਲ ਜੁੜੀ ਹੋਈ ਹੈ।

ਪਰ ਜਦੋਂ ਇਸ ਸਮਝੌਤੇ ਨੂੰ ਧਿਆਨ ਨਾਲ ਸਮਝਿਆ ਜਾਂਦਾ ਹੈ, ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ ਇਹ ਕੋਈ ਬੇਲਗ਼ਾਮ ਖੁੱਲ੍ਹਾ ਵਪਾਰ ਨਹੀਂ, ਸਗੋਂ ਬਹੁਤ ਸੋਚ-ਵਿਚਾਰ ਨਾਲ ਬਣਾਇਆ ਗਿਆ ਸੁਰੱਖਿਅਤ ਅਤੇ ਸੰਤੁਲਿਤ ਢਾਂਚਾ ਹੈ। ਭਾਰਤ ਸਰਕਾਰ ਨੇ “ਵਪਾਰ ਵੀ ਵਧੇ ਅਤੇ ਕਿਸਾਨ ਵੀ ਸੁਰੱਖਿਅਤ ਰਹਿਣ” — ਦੋਵੇਂ ਗੱਲਾਂ ਨੂੰ ਇਕੱਠੇ ਧਿਆਨ ਵਿੱਚ ਰੱਖਿਆ ਹੈ।

ਇਸ ਸਮਝੌਤੇ ਵਿੱਚ ਖੇਤੀਬਾੜੀ ਖੇਤਰ ਦੇ 1.36 ਅਰਬ ਡਾਲਰ ਦੇ ਭਾਰਤੀ ਨਿਰਯਾਤ ‘ਤੇ 0% ਡਿਊਟੀ ਲਾਗੂ ਹੋਵੇਗੀ। ਨਾਲ ਹੀ ਭਾਰਤ ਨੇ ਆਪਣੇ ਜ਼ਰੂਰੀ ਖੇਤਰਾਂ ਜਿਵੇਂ ਕਿ ਕਿਸਾਨ, ਮਛੇਰੇ ਅਤੇ ਡੇਅਰੀ ਉਤਪਾਦਕਾਂ ਦੇ ਹਿਤਾਂ ਦੀ ਪੂਰੀ ਸੁਰੱਖਿਆ ਕੀਤੀ ਹੈ।

ਪਹਿਲੀ ਗੱਲ, ਪਸ਼ੂ ਚਾਰੇ ਵਿੱਚ ਵਰਤਿਆ ਜਾਣ ਵਾਲਾ ਸਮਾਨ (ਧਧਘਸ਼) ਦੇ ਮਾਮਲੇ ਵਿੱਚ ਭਰਮ ਫੈਲਾਇਆ ਜਾ ਰਿਹਾ ਹੈ ਕਿ ਇਸ ਦੀ ਆਮਦ ਨਾਲ ਮੱਕੀ ਤੇ ਸੋਇਆਬੀਨ ਦੇ ਕਿਸਾਨਾਂ ਨੂੰ ਨੁਕਸਾਨ ਹੋਵੇਗਾ। ਪਰ ਹਕੀਕਤ ਇਹ ਹੈ ਕਿ ਇਹ ਆਮਦ ਇੰਨੀ ਘੱਟ ਰੱਖੀ ਗਈ ਹੈ ਕਿ ਮਾਰਕੀਟ ‘ਤੇ ਕੋਈ ਵੱਡਾ ਅਸਰ ਨਹੀਂ ਪਵੇਗਾ। ਉਲਟਾ ਸਸਤਾ ਚਾਰਾ ਮਿਲਣ ਨਾਲ ਪੋਲਟਰੀ, ਡੇਅਰੀ ਅਤੇ ਪਸ਼ੂ ਪਾਲਣ ਕਰਨ ਵਾਲੇ ਕਿਸਾਨਾਂ ਦੀ ਲਾਗਤ ਘਟੇਗੀ ਅਤੇ ਉਹਨਾਂ ਦੀ ਆਮਦਨ ਵਧੇਗੀ। ਕਿਉਂਕਿ ਭਾਰਤ ਵਿੱਚ ਪਸ਼ੂ ਚਾਰੇ ਦੀ ਕੁੱਲ ਮੰਗ ਲਗਭਗ 600 ਲੱਖ ਟਨ ਹੈ, ਜਦਕਿ ਧਧਘਸ਼ ਦੀ ਆਮਦ ਸਿਰਫ਼ 5 ਲੱਖ ਟਨ ਤੱਕ ਹੀ ਸੀਮਿਤ ਹੈ—ਜੋ 1% ਤੋਂ ਵੀ ਘੱਟ ਹੈ। ਇਸ ਤੋਂ ਇਲਾਵਾ, ਇਹ ਨੋਨ-ਘੰ ਹੈ ਅਤੇ ਸਿਰਫ਼ ਪਸ਼ੂ ਚਾਰੇ ਲਈ ਹੀ ਵਰਤਿਆ ਜਾ ਸਕਦਾ ਹੈ। ਇਸ ਕਰਕੇ ਇਹ ਭਾਰਤੀ ਬਜ਼ਾਰ ਨੂੰ ਹਿਲਾਉਣ ਵਾਲੀ ਗੱਲ ਨਹੀਂ, ਸਗੋਂ ਲੱਖਾਂ ਲੋਕਾਂ ਨੂੰ ਫ਼ਾਇਦਾ ਹੋਵੇਗਾ।

ਇਸੇ ਤਰ੍ਹਾਂ ਲਾਲ ਜਵਾਰ ਦੀ ਆਮਦ ‘ਤੇ ਵੀ ਪੂਰੀ ਛੂਟ ਨਹੀਂ ਦਿੱਤੀ ਗਈ। ਸਿਰਫ਼ 30% ਡਿਊਟੀ ਛੂਟ ਹੈ ਅਤੇ ਉਹ ਵੀ ਨੋਨ-ਘੰ ਜਵਾਰ ਲਈ, ਜੋ ਪਸ਼ੂਆਂ ਲਈ ਵਰਤਿਆ ਜਾਂਦਾ ਹੈ। ਮਾਤਰਾ ਵੀ ਨਿਯੰਤਰਿਤ ਹੋਣ ਕਾਰਨ ਕਿਸਾਨਾਂ ਨੂੰ ਕੋਈ ਵੱਡਾ ਨੁਕਸਾਨ ਨਹੀਂ ਹੋਵੇਗਾ, ਪਰ ਪੋਲਟਰੀ ਉਦਯੋਗ ਨੂੰ ਸਸਤਾ ਚਾਰਾ ਮਿਲਣ ਨਾਲ ਫ਼ਾਇਦਾ ਹੋਵੇਗਾ।

ਸਭ ਤੋਂ ਵੱਧ ਚਰਚਾ ਫ਼ਲਾਂ ਦੀ ਆਮਦ ਨੂੰ ਲੈ ਕੇ ਹੈ, ਖ਼ਾਸ ਕਰਕੇ ਸੇਬਾਂ ਬਾਰੇ। ਜੰਮੂ-ਕਸ਼ਮੀਰ, ਹਿਮਾਚਲ ਅਤੇ ਉੱਤਰ-ਪੂਰਬ ਦੇ ਸੇਬ ਉਗਾਉਣ ਵਾਲੇ ਕਿਸਾਨਾਂ ‘ਚ ਡਰ ਪੈਦਾ ਕੀਤਾ ਜਾ ਰਿਹਾ ਹੈ ਕਿ ਉਹਨਾਂ ਦੀ ਫ਼ਸਲ ਸਸਤੇ ਵਿਦੇਸ਼ੀ ਸੇਬਾਂ ਨਾਲ ਮੁਕਾਬਲਾ ਨਹੀਂ ਕਰ ਸਕੇਗੀ।

ਪਰ ਇੱਥੇ ਵੀ ਸਖ਼ਤ ਨਿਯਮ ਹਨ। ਪਹਿਲੇ ਸਾਲ ਸਿਰਫ਼ 1 ਲੱਖ ਮੈਟ੍ਰਿਕ ਟਨ ਸੇਬ ਆ ਸਕਦੇ ਹਨ, ਜੋ ਤੀਜੇ ਸਾਲ ਤੋਂ 1.5 ਲੱਖ ਮੈਟ੍ਰਿਕ ਟਨ ਹੋਣਗੇ। 80 ਪ੍ਰਤੀ ਕਿੱਲੋ ਦੀ ਘੱਟੋ-ਘੱਟ ਕੀਮਤ ਤੈਅ ਕੀਤੀ ਗਈ ਹੈ ਅਤੇ 35% ਡਿਊਟੀ ਛੂਟ ਦੇ ਬਾਵਜੂਦ ਵੀ ਲੈਂਡਡ ਕੀਮਤ 106 ਪ੍ਰਤੀ ਕਿੱਲੋ ਰਹਿੰਦੀ ਹੈ। ਕੋਟੇ ਤੋਂ ਵੱਧ ਆਮਦ ‘ਤੇ 50% ਡਿਊਟੀ ਲੱਗਦੀ ਹੈ। ਇਸ ਨਾਲ ਵਿਦੇਸ਼ੀ ਸੇਬ ਬਹੁਤ ਸਸਤੇ ਨਹੀਂ ਆ ਸਕਦੇ ਅਤੇ ਦੇਸੀ ਕਿਸਾਨਾਂ ਦੀ ਕਮਾਈ ਸੁਰੱਖਿਅਤ ਰਹਿੰਦੀ ਹੈ।

ਟ੍ਰੀ ਨਟਸ—ਬਦਾਮ, ਪਿਸਤਾ, ਹੇਜ਼ਲਨਟ, ਅਖਰੋਟ ਲਈ ਵੀ ਪੂਰੀ ਛੂਟ ਨਹੀਂ ਦਿੱਤੀ ਗਈ, ਸਗੋਂ ਕੋਟਾ ਪ੍ਰਣਾਲੀ ਰਾਹੀਂ ਸੀਮਿਤ ਆਮਦ ਦੀ ਇਜਾਜ਼ਤ ਹੈ, ਜਿਸ ਨਾਲ ਦੇਸੀ ਉਤਪਾਦਕਾਂ ਨੂੰ ਬੇਹਿਸਾਬ ਮੁਕਾਬਲੇ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਖਾਣ ਵਾਲੇ ਤੇਲ ਦਾ ਮਾਮਲਾ ਵੀ ਕਾਫ਼ੀ ਸੰਵੇਦਨਸ਼ੀਲ ਹੈ। ਭਾਰਤ ਪਹਿਲਾਂ ਹੀ 40 ਲੱਖ ਟਨ ਸੋਇਆਬੀਨ ਤੇਲ ਬਾਹਰੋਂ ਲਿਆਉਂਦਾ ਹੈ। ਇਸ ਸਮਝੌਤੇ ਵਿੱਚ ਛੂਟ ਕੁੱਲ ਵਰਤੋਂ ਦੇ 10% ਤੋਂ ਵੀ ਘੱਟ ਹਿੱਸੇ ‘ਤੇ ਹੈ ਅਤੇ ਉਹ ਵੀ ਕੋਟੇ ਵਿੱਚ। 35.75% ਡਿਊਟੀ ਅਜੇ ਵੀ ਲਾਗੂ ਹੈ, ਜੋ ਇੱਕ ਵੱਡੀ ਸੁਰੱਖਿਆ ਹੈ। ਸੋਇਆਬੀਨ ਦਾਣਾ ਵੀ ਸਿਰਫ਼ 6 ਲੱਖ ਟਨ ਤੱਕ ਹੀ ਆ ਸਕਦਾ ਹੈ, ਜਿਸ ਵਿੱਚੋਂ 1 ਲੱਖ ਟਨ ਨੋਨ-ਘੰ ਹੈ। ਇਸ ਨਾਲ ਦੇਸੀ ਸਰ੍ਹੋਂ, ਤਿਲ, ਮੂੰਗਫਲੀ ਆਦਿ ਦੇ ਕਿਸਾਨਾਂ ਨੂੰ ਕੀਮਤਾਂ ਵਿੱਚ ਅਚਾਨਕ ਗਿਰਾਵਟ ਦਾ ਖ਼ਤਰਾ ਨਹੀਂ ਰਹਿੰਦਾ।

ਅਮਰੀਕਾ ਵੱਲੋਂ ਦਾਲਾਂ, ਚੀਨੀ ਅਤੇ ਡੇਅਰੀ ਖੇਤਰ ਵਿੱਚ ਪੂਰੀ ਛੂਟ ਦੀ ਮੰਗ ਦੇ ਬਾਵਜੂਦ ਭਾਰਤ ਨੇ ਕੋਟਾ ਪ੍ਰਣਾਲੀ ਲਾਗੂ ਕਰਕੇ ਆਪਣੇ ਕਿਸਾਨਾਂ ਦੇ ਹਿਤਾਂ ਨੂੰ ਪਹਿਲ ਦਿੱਤੀ। ਚੌਲ, ਕਣਕ, ਮੱਕੀ, ਡੇਅਰੀ ਅਤੇ ਪੋਲਟਰੀ ਵਰਗੇ ਖੇਤਰਾਂ ਨੂੰ ਆਯਾਤ ਤੋਂ ਸੁਰੱਖਿਅਤ ਰੱਖਿਆ ਗਿਆ ਹੈ। ਪੰਜਾਬ ਵਰਗੇ ਕਣਕ-ਚੌਲ ਉਤਪਾਦਕ ਸੂਬਿਆਂ ਲਈ ਕੋਈ ਖ਼ਤਰਾ ਨਹੀਂ।

ਨਾ ਤਾਂ ਫ੍ਰੋਜ਼ਨ ਸਬਜ਼ੀਆਂ ‘ਤੇ ਕੋਈ ਬੇਵਜ੍ਹਾ ਛੂਟ ਦਿੱਤੀ ਗਈ ਹੈ ਅਤੇ ਨਾ ਹੀ ਡੱਬਾਬੰਦ ਸਬਜ਼ੀਆਂ ਜਾਂ ਖੀਰਾ, ਮਸ਼ਰੂਮ ਆਦਿ ਲਈ ਬਿਨਾ ਨਿਯੰਤਰਣ ਦਰਵਾਜ਼ੇ ਖੋਲ੍ਹੇ ਗਏ ਹਨ। ਦਾਲਾਂ ਅਤੇ ਹੋਰ ਖੇਤੀਬਾੜੀ ਉਤਪਾਦਾਂ ਵਿੱਚ ਵੀ ਭਾਰਤੀ ਹਿੱਤਾਂ ਨੂੰ ਪਹਿਲ ਦਿੱਤੀ ਗਈ ਹੈ। ਇਹ ਸਪਸ਼ਟ ਸੁਨੇਹਾ ਹੈ ਕਿ ਦੇਸ਼ ਦਾ ਅੰਨਦਾਤਾ ਕਿਸੇ ਵੀ ਸੌਦੇ ਦੀ ਕੁਰਬਾਨੀ ਨਹੀਂ ਬਣੇਗਾ।

ਇਹ ਧਾਰਨਾ ਵੀ ਗ਼ਲਤ ਹੈ ਕਿ ਸਬਸਿਡੀ ਵਾਲੇ ਅਮਰੀਕੀ ਸਮਾਨ ਨਾਲ ਭਾਰਤੀ ਮਾਰਕੀਟ ਹਿੱਲ ਜਾਵੇਗੀ। ਅਸਲ ਵਿੱਚ ਇਹ ਆਮਦ ਸਿਰਫ਼ ਉੱਥੇ ਹੁੰਦੀ ਹੈ ਜਿੱਥੇ ਘਰੇਲੂ ਘਾਟ ਹੁੰਦੀ ਹੈ। ਹਰ ਖੇਤਰ ਵਿੱਚ ਇੱਕੋ ਨੀਤੀ ਦਿਖਾਈ ਦਿੰਦੀ ਹੈ। ਸੀਮਿਤ ਕੋਟੇ, ਹੌਲੀ-ਹੌਲੀ ਲਾਗੂ ਕਰਨਾ, ਨੋਨ-ਘੰ ਨਿਯਮ ਅਤੇ ਸੁਰੱਖਿਅਤ ਟੈਰਿਫ਼। ਇਹ ਨਿਯੰਤਰਿਤ ਅਤੇ ਜ਼ਿੰਮੇਵਾਰ ਵਪਾਰ ਦਾ ਮਾਡਲ ਹੈ।

ਇਸ ਨਾਲ ਨਾ ਸਿਰਫ਼ ਕਿਸਾਨਾਂ ਦੀ ਸੁਰੱਖਿਆ ਹੁੰਦੀ ਹੈ, ਸਗੋਂ ਮਹਿੰਗਾਈ ਵੀ ਕਾਬੂ ਵਿੱਚ ਰਹਿੰਦੀ ਹੈ ਅਤੇ ਖਪਤਕਾਰ ਤੇ ਕਿਸਾਨ—ਦੋਵੇਂ ਦੇ ਹਿੱਤ ਇਕੱਠੇ ਸੁਰੱਖਿਅਤ ਹੁੰਦੇ ਹਨ।

ਇਸ ਪ੍ਰਸੰਗ ਵਿੱਚ ਇਹ ਵੀ ਸਮਝਣ ਦੀ ਲੋੜ ਹੈ ਕਿ ਭਾਰਤ ਨੇ ਇਸ ਸਮਝੌਤੇ ਵਿੱਚ ਕਿਤੇ ਵੀ ਆਪਣੇ ਮੁੱਖ ਖੇਤੀਬਾੜੀ ਹਿੱਤਾਂ ਨਾਲ ਸਮਝੌਤਾ ਨਹੀਂ ਕੀਤਾ। ਜਿਹੜੇ ਖੇਤਰ ਸਿੱਧੇ ਤੌਰ ‘ਤੇ ਕਿਸਾਨਾਂ ਦੀ ਆਮਦਨ ਨਾਲ ਜੁੜੇ ਹਨ, ਉਹਨਾਂ ਨੂੰ ਸਪਸ਼ਟ ਤੌਰ ‘ਤੇ ਸੁਰੱਖਿਆ ਦਿੱਤੀ ਗਈ ਹੈ।

ਅਸਲ ਵਿੱਚ ਇਹ ਸਮਝੌਤਾ ਸਿਰਫ਼ ਵਪਾਰ ਦਾ ਦਸਤਾਵੇਜ਼ ਨਹੀਂ, ਸਗੋਂ ਭਾਰਤ ਦੀ ਨਵੀਂ ਆਰਥਿਕ ਅਤੇ ਕੂਟਨੀਤਕ ਸੋਚ ਦਾ ਦਰਪਣ ਹੈ—ਜਿੱਥੇ ਦੇਸ਼ ਆਪਣੇ ਹਿੱਤਾਂ ਨੂੰ ਪਹਿਲ ਦੇਂਦਾ ਹੈ ਅਤੇ ਵਿਸ਼ਵ ਪੱਧਰ ‘ਤੇ ਆਪਣੀ ਸਥਿਤੀ ਮਜ਼ਬੂਤ ਕਰਦਾ ਹੈ।

ਵਿਰੋਧੀ ਧਿਰਾਂ ਵੱਲੋਂ ਇਸ ਨੂੰ ਲੈ ਕੇ ਪੈਦਾ ਕੀਤੀ ਜਾ ਰਹੀ ਘਬਰਾਹਟ ਦਰਅਸਲ ਤੱਥਾਂ ਤੋਂ ਵੱਧ ਰਾਜਨੀਤਿਕ ਹੈ। ਕਿਸਾਨਾਂ ਦੇ ਨਾਮ ‘ਤੇ ਡਰ ਪੈਦਾ ਕਰਨਾ ਆਸਾਨ ਹੁੰਦਾ ਹੈ, ਪਰ ਹਕੀਕਤ ਇਹ ਹੈ ਕਿ ਇਹ ਸਮਝੌਤਾ ਕਿਸਾਨਾਂ ਲਈ ਨਵੇਂ ਮੌਕੇ ਵੀ ਲਿਆਉਂਦਾ ਹੈ।

ਜਿਵੇਂ-ਜਿਵੇਂ ਭਾਰਤੀ ਉਤਪਾਦਾਂ ਲਈ ਅੰਤਰਰਾਸ਼ਟਰੀ ਬਾਜ਼ਾਰ ਖੁੱਲ੍ਹਣਗੇ, ਉਸ ਦਾ ਸਿੱਧਾ ਲਾਭ ਖੇਤੀਬਾੜੀ ਅਤੇ ਸੰਬੰਧਿਤ ਖੇਤਰਾਂ ਨੂੰ ਮਿਲੇਗਾ। ਨਿਰਯਾਤ ਵਧੇਗਾ, ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਪਿੰਡਾਂ ਦੀ ਆਰਥਿਕਤਾ ਹੋਰ ਮਜ਼ਬੂਤ ਹੋਵੇਗੀ।

ਅੱਜ ਦਾ ਭਾਰਤ 1990 ਦੇ ਦਹਾਕੇ ਵਾਲਾ ਕਮਜ਼ੋਰ ਭਾਰਤ ਨਹੀਂ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਆਪਣੀ ਅੰਤਰਰਾਸ਼ਟਰੀ ਛਵੀ ਮਜ਼ਬੂਤ ਕੀਤੀ ਹੈ। ਅੱਜ ਭਾਰਤ ਨਾ ਦਬਾਅ ਵਿੱਚ ਫ਼ੈਸਲੇ ਲੈਂਦਾ ਹੈ ਅਤੇ ਨਾ ਹੀ ਕਿਸੇ ਦੇ ਸਾਹਮਣੇ ਝੁਕਦਾ ਹੈ, ਸਗੋਂ ਵਿਸ਼ਵ ਪੱਧਰ ‘ਤੇ ਬਰਾਬਰੀ ਨਾਲ ਗੱਲ ਕਰਦਾ ਹੈ।

ਅਮਰੀਕਾ ਲਈ ਭਾਰਤ ਇੰਡੋ-ਪੈਸੀਫਿਕ ਰਣਨੀਤੀ ਵਿੱਚ ਇੱਕ ਮਹੱਤਵਪੂਰਨ ਸਾਥੀ ਹੈ, ਜਦਕਿ ਭਾਰਤ ਲਈ ਅਮਰੀਕਾ ਵੱਡਾ ਬਾਜ਼ਾਰ ਅਤੇ ਤਕਨੀਕੀ ਸਹਿਯੋਗ ਦਾ ਕੇਂਦਰ ਹੈ। ਇਸ ਲਈ ਇਹ ਸਮਝੌਤਾ ਦੋਹਾਂ ਦੀ ਲੋੜ ਦਾ ਨਤੀਜਾ ਹੈ।


ਇਹ ਸਮਝੌਤਾ ਦਿਖਾਉਂਦਾ ਹੈ ਕਿ ਨਵਾਂ ਭਾਰਤ ਨਾ ਡਰਦਾ ਹੈ, ਨਾ ਝੁਕਦਾ ਹੈ—ਸਗੋਂ ਸੋਚ-ਸਮਝ ਕੇ ਅੱਗੇ ਵੱਧਦਾ ਹੈ ਅਤੇ ਦੁਨੀਆ ਨੂੰ ਆਪਣੇ ਨਾਲ ਲੈ ਕੇ ਚਲਦਾ ਹੈ।

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

ਜਿੱਥੇ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ

ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ

# 24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'



ਕਰਤਾਰ ਸਿੰਘ ਸਰਾਭਾ | ਬਾਬਾ ਜਵਾਲਾ ਸਿੰਘ | ਬਾਬਾ ਵਿਸਾਖਾ ਸਿੰਘ | ਬਾਬਾ ਸੋਹਣ ਸਿੰਘ ਭਕਨਾ | ਗਦਰੀ ਸੰਤੋਖ ਸਿੰਘ ਧਰਦਿਓ

## 12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ

**Central High School, East Campus Performing Art Center 3535 N. Cornelia Ave, Fresno, CA 93722**

## ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪਹੁੰਚ ਰਹੇ ਗਾਇਕ ਕਲਾਕਾਰ | ਮੰਚ ਸੰਚਾਲਨ



ਲਾਲੀ ਤੱਖਰ | ਰਾਜ ਬਰਾੜ | ਆਸ਼ਾ ਸ਼ਰਮਾ

**ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

**ਹੋਰ ਪ੍ਰੋਗਰਾਮ:**
ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ

4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।

ਸੰਪਰਕ: ਸ਼ਰਨਜੀਤ ਧਾਲੀਵਾਲ (559) 974-8383

**Chief Guest & Speaker**
ਮੁੱਖ ਮਹਿਮਾਨ ਅਤੇ ਬੁਲਾਰਾ



Social Activist
**Dr. Swaiman Singh**

ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।

**ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ**

4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ

**ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ**

**ਮੇਲਾ ਕਮੇਟੀ**
ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਵਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਬੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਵਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੁਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੇਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੋਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਹੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ ਸਿੰਘ।

**ਸਰਪ੍ਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

**ਵਿਸ਼ੇਸ਼ ਧੰਨਵਾਦ:**
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**
ਨਵਦੀਪ ਸਿੰਘ ਧਾਲੀਵਾਲ ਪ੍ਰਧਾਨ ........ (559) 287-0822
ਹਰਜਿੰਦਰ ਸਿੰਘ ਢੇਸੀ ਸੈਕਟਰੀ ........ (559) 618-0156
ਗੁਰਮੀਤ ਸਿੰਘ ਗਿੱਲ ........ (805) 215-0681
ਗੁਰਮੀਤ ਸਿੰਘ ਗਾਜੀਆਣਾ ........ (559) 801-8200

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤਿ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਡਾ.ਰਵਜੋਤ ਸਿੰਘ ਨੇ ਜੇਲ੍ਹ ਮੰਤਰੀ ਦਾ ਅਹੁਦਾ ਸੰਭਾਲਿਆ: ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਨਵੀਂ ਜ਼ਿੰਮੇਵਾਰੀ ਲਈ ਕੀਤਾ ਧੰਨਵਾਦ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਵਿੱਚ ਨਵੇਂ ਜੇਲ੍ਹ ਮੰਤਰੀ ਵਜੋਂ ਡਾ.ਰਵਜੋਤ ਸਿੰਘ ਨੇ ਅੱਜ ਪੰਜਾਬ ਸਿਵਲ ਸਕੱਤਰੇਤ ਵਿਖੇ ਆਪਣੇ ਅਹੁਦੇ ਦਾ ਚਾਰਜ ਸੰਭਾਲ ਲਿਆ।

ਇਸ ਤੋਂ ਇਲਾਵਾ ਉਹ ਐਨ.ਆਰ.ਆਈ. ਅਤੇ ਸੰਸਦੀ ਮਾਮਲੇ ਆਦਿ ਵਿਭਾਗਾਂ ਦੀ ਜ਼ਿੰਮੇਵਾਰੀ ਵੀ ਨਿਭਾ ਰਹੇ ਹਨ। ਚਾਰਜ ਸੰਭਾਲਣ ਤੋਂ ਬਾਅਦ ਡਾ. ਰਵਜੋਤ ਸਿੰਘ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਹ ਜ਼ਿੰਮੇਵਾਰੀ ਦੇ ਕੇ, ਜੋ ਭਰੋਸਾ ਜਤਾਇਆ ਹੈ, ਉਹ ਉਸ 'ਤੇ ਖਰੇ ਉਤਰਣ ਦੀ ਪੂਰੀ ਕੋਸ਼ਿਸ਼ ਕਰਨਗੇ।

ਇਸ ਮੌਕੇ ਉਨ੍ਹਾਂ ਨੇ ਜੇਲ੍ਹ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਕੀਤੀ, ਜਿਸ ਵਿੱਚ ਵਿਭਾਗ ਦੇ ਚੱਲ ਰਹੇ ਕੰਮਾਂ, ਪ੍ਰਾਪਤੀਆਂ ਅਤੇ ਭਵਿੱਖੀ ਯੋਜਨਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਜੇਲ੍ਹ ਵਿਭਾਗ ਨੂੰ ਹੋਰ



ਸੁਧਾਰਿਆ ਜਾਵੇਗਾ ਅਤੇ ਕੈਦੀਆਂ ਲਈ ਬਿਹਤਰ ਸੁਵਿਧਾਵਾਂ ਅਤੇ ਸੁਧਾਰਾਤਮਕ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਕਦਮ ਚੁੱਕੇ ਜਾਣਗੇ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਜੇਲ੍ਹਾਂ ਨੂੰ ਸਿਰਫ਼ ਸਜ਼ਾ ਦੇ ਕੇਂਦਰ ਨਹੀਂ, ਸਗੋਂ ਸੁਧਾਰ ਦੇ ਕੇਂਦਰ ਬਣਾਉਣ 'ਤੇ ਖਾਸ ਧਿਆਨ ਦਿੱਤਾ ਜਾਵੇਗਾ।

ਮੀਟਿੰਗ ਦੌਰਾਨ ਜੇਲ੍ਹ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਇੱਕ ਪੇਸ਼ਕਾਰੀ ਰਾਹੀਂ ਵਿਭਾਗ ਦੇ ਚੱਲ ਰਹੇ ਪ੍ਰੋਜੈਕਟਾਂ, ਪਹਿਲਕਦਮੀਆਂ ਅਤੇ ਚੁਣੌਤੀਆਂ ਬਾਰੇ ਨਵੇਂ ਮੰਤਰੀ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਨਵੇਂ ਜੇਲ ਮੰਤਰੀ ਡਾ. ਰਵਜੋਤ ਸਿੰਘ ਨੇ ਅਧਿਕਾਰੀਆਂ ਨੂੰ ਵਿਭਾਗ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਮਨੁੱਖੀ ਅਧਿਕਾਰਾਂ ਦੀ ਪਾਲਣਾ ਅਤੇ ਜੇਲ ਪ੍ਰਣਾਲੀ ਨੂੰ ਆਧੁਨਿਕ ਅਤੇ ਪ੍ਰਭਾਵਸ਼ਾਲੀ ਬਣਾਉਣਾ ਯਕੀਨੀ ਬਣਾਉਣ ਲਈ ਵੀ ਕਿਹਾ।

ਇਸ ਮੌਕੇ ਜੇਲ੍ਹ ਵਿਭਾਗ ਦੇ ਪ੍ਰਮੁੱਖ ਸਕੱਤਰ ਭਾਵਨਾ ਗਰਗ, ਸਕੱਤਰ ਮੁਹੰਮਦ ਤਈਅਬ ਅਤੇ ਏਡੀਜੀਪੀ ਜੇਲ੍ਹਾਂ ਅਰੁਣਪਾਲ ਸਿੰਘ ਸਮੇਤ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# 2 ਵਾਰ ਦੇ ਓਲੰਪਿਕ ਤਮਗਾ ਜੇਤੂ ਭਾਰਤੀ ਫਾਰਵਰਡ ਗੁਰਜੰਟ ਸਿੰਘ ਨੇ ਲਿਆ ਸੰਨਿਆਸ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਭਾਰਤੀ ਪੁਰਸ਼ ਟੀਮ ਦੇ ਫਾਰਵਰਡ ਗੁਰਜੰਟ ਸਿੰਘ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਹਾਕੀ ਇੰਡੀਆ ਪੁਰਸਕਾਰ ਸਮਾਰੋਹ ਵਿੱਚ ਅੰਤਰਰਾਸ਼ਟਰੀ ਹਾਕੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ। 26 ਜਨਵਰੀ 1995 ਨੂੰ ਖੈਲਾਰਾ, ਅੰਮ੍ਰਿਤਸਰ ਵਿੱਚ ਜਨਮੇ, ਗੁਰਜੰਟ ਨੇ ਆਪਣੀ ਗਤੀ ਅਤੇ ਤਿੱਖੀ ਪ੍ਰਵਿਰਤੀ ਨਾਲ ਤੇਜ਼ੀ ਨਾਲ ਜੂਨੀਅਰ ਰੈਂਕਾਂ ਵਿੱਚ ਵਾਧਾ ਕੀਤਾ।

ਉਸਨੇ ਭਾਰਤੀ ਹਾਕੀ ਦੇ ਸਭ ਤੋਂ ਮਸ਼ਹੂਰ ਪਲਾਂ ਵਿੱਚੋਂ ਇੱਕ ਵਿੱਚ ਕੇਂਦਰੀ ਭੂਮਿਕਾ ਨਿਭਾਈ: 2016 ਵਿੱਚ ਲਖਨਊ ਵਿੱਚ ਜੂਨੀਅਰ ਵਿਸ਼ਵ ਕੱਪ ਜਿੱਤ।

ਸੋਨ ਤਗਮਾ ਹਾਸਲ ਕਰਨ ਲਈ ਫਾਈਨਲ ਵਿੱਚ ਗੋਲ ਕਰਨ ਤੋਂ ਬਾਅਦ, ਉਸਨੇ 2017 ਵਿੱਚ ਆਪਣਾ ਸੀਨੀਅਰ ਅੰਤਰਰਾਸ਼ਟਰੀ ਡੈਬਿਊ ਕੀਤਾ ਅਤੇ ਭਾਰਤੀ ਹਮਲਾਵਰ ਲਾਈਨ ਵਿੱਚ ਇੱਕ ਮੁੱਖ ਆਧਾਰ ਬਣ ਗਿਆ।

ਉਸਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਓਲੰਪਿਕ ਸਟੇਜ 'ਤੇ ਆਈਆਂ, ਜਿੱਥੇ ਉਹ ਟੋਕੀਓ 2020 ਅਤੇ ਪੈਰਿਸ 2024 ਦੋਵਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੀਆਂ ਟੀਮਾਂ ਦਾ ਇੱਕ ਮਹੱਤਵਪੂਰਨ ਹਿੱਸਾ ਸੀ। ਓਲੰਪਿਕ ਤੋਂ ਦੂਰ, ਗੁਰਜੰਟ ਨੇ ਭਾਰਤ ਨੂੰ 2022 ਹਾਂਗਜ਼ੂ ਏਸ਼ੀਅਨ ਖੇਡਾਂ ਵਿੱਚ ਸੋਨ ਤਗਮਾ, 2017 ਏਸ਼ੀਆ ਕੱਪ ਵਿੱਚ ਸੋਨ ਤਗਮਾ, ਅਤੇ ਕਈ ਏਸ਼ੀਅਨ ਚੈਂਪੀਅਨਜ਼ ਟਰਾਫੀ ਖਿਤਾਬ ਜਿੱਤਣ ਵਿੱਚ ਮਦਦ ਕੀਤੀ। 2021 ਵਿੱਚ, ਉਸਨੂੰ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ, ਜੋ ਕਿ ਭਾਰਤ ਦੇ ਸਭ ਤੋਂ ਉੱਚੇ ਖੇਡ ਸਨਮਾਨਾਂ ਵਿੱਚੋਂ ਇੱਕ ਹੈ।

ਆਪਣੀ ਰਿਟਾਇਰਮੈਂਟ ਦਾ ਐਲਾਨ ਕਰਦੇ ਹੋਏ, ਗੁਰਜੰਟ ਨੇ ਕਿਹਾ, "ਇਹ ਮਾਣ ਅਤੇ ਡੂੰਘੀਆਂ ਭਾਵਨਾਵਾਂ ਦੇ ਮਿਸ਼ਰਣ ਨਾਲ ਹੈ ਕਿ ਮੈਂ ਅੱਜ ਆਪਣੀ ਰਿਟਾਇਰਮੈਂਟ ਦਾ ਐਲਾਨ ਕਰਦਾ ਹਾਂ। ਮੈਂ ਇਸ ਕਮਰੇ ਵਿੱਚ ਬੈਠੇ ਸੀਨੀਅਰਾਂ ਵੱਲ ਦੇਖ ਕੇ ਆਪਣੀ ਹਾਕੀ ਯਾਤਰਾ ਦੀ ਸ਼ੁਰੂਆਤ ਕੀਤੀ, ਅਤੇ ਉਨ੍ਹਾਂ ਦੇ ਨਾਲ ਭਾਰਤ ਲਈ ਖੇਡਣ ਦੇ ਆਪਣੇ ਸੁਪਨੇ ਨੂੰ ਪੂਰਾ ਕਰਨਾ ਇੱਕ ਅਜਿਹੀ ਚੀਜ਼ ਹੈ ਜੋ ਮੈਂ ਹਮੇਸ਼ਾ ਸੰਭਾਲ ਕੇ ਰੱਖਾਂਗਾ।

"ਮੈਂ ਭਾਰਤੀ ਹਾਕੀ ਦੇ ਇਤਿਹਾਸਕ ਪੁਨਰ ਸੁਰਜੀਤੀ ਦਾ ਹਿੱਸਾ ਬਣਨ ਅਤੇ ਦੋ ਓਲੰਪਿਕ ਤਗਮੇ ਪ੍ਰਾਪਤ ਕਰਨ 'ਤੇ ਬਹੁਤ ਸੰਤੁਸ਼ਟ ਮਹਿਸੂਸ ਕਰਦਾ ਹਾਂ। ਟਰਾਫੀਆਂ ਤੋਂ ਇਲਾਵਾ, ਸਭ ਤੋਂ ਵੱਡੀ ਯਾਦ ਜੋ ਮੈਂ ਆਪਣੇ ਨਾਲ ਲੈ ਕੇ ਜਾਂਦਾ ਹਾਂ ਉਹ ਹੈ ਆਪਣੇ ਸਾਥੀਆਂ ਨਾਲ ਬਿਤਾਇਆ ਸਮਾਂ।

ਅਸੀਂ ਇੱਕ ਪਰਿਵਾਰ ਵਾਂਗ ਰਹਿੰਦੇ




ਸੀ, ਸਾਰੇ ਉਤਰਾਅ-ਚੜ੍ਹਾਅ ਵਿੱਚ ਇੱਕ ਦੂਜੇ ਦਾ ਸਮਰਥਨ ਕਰਦੇ ਸੀ। ਮੈਂ ਹਾਕੀ ਇੰਡੀਆ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਸਨੇ ਮੈਨੂੰ ਇੰਨੀ ਸਤਿਕਾਰਯੋਗ ਵਿਦਾਇਗੀ ਦਿੱਤੀ। ਮੈਂ ਅੰਤਰਰਾਸ਼ਟਰੀ ਮੰਚ ਤੋਂ ਬਹੁਤ ਖੁਸ਼ ਅਤੇ ਮਾਣਮੱਤੇ ਵਿਅਕਤੀ ਵਜੋਂ ਵਿਦਾ ਹੋ ਰਿਹਾ ਹਾਂ।"

# ਭਾਰਤੀ ਫੌਜ ਨੇ ਨਵੇਂ ਆਕਸੀਜਨ ਪਲਾਂਟ ਨਾਲ high-altitude healthcare ਨੂੰ ਦਿੱਤਾ ਹੁਲਾਰਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅਧਿਕਾਰੀਆਂ ਨੇ ਕਿਹਾ ਕਿ ਭਾਰਤੀ ਫੌਜ ਨੇ ਵੀਰਵਾਰ ਨੂੰ ਅਰੁਣਾਚਲ ਪ੍ਰਦੇਸ਼ ਵਿੱਚ ਇੱਕ ਨਵੀਂ ਆਕਸੀਜਨ-ਜਨਰੇਸ਼ਨ ਸਹੂਲਤ ਦੇ ਉਦਘਾਟਨ ਨਾਲ ਦੂਰ-ਦੁਰਾਡੇ, ਉੱਚ-ਉਚਾਈ ਵਾਲੇ ਖੇਤਰਾਂ ਵਿੱਚ ਸਿਹਤ ਸੰਭਾਲ ਸਹਾਇਤਾ ਨੂੰ ਮਜ਼ਬੂਤ ਕੀਤਾ ਹੈ।

ਰੱਖਿਆ ਬੁਲਾਰੇ ਲੈਫਟੀਨੈਂਟ ਕਰਨਲ ਮਹਿੰਦਰ ਰਾਵਤ ਨੇ ਕਿਹਾ ਕਿ ਚੁਣੌਤੀਪੂਰਨ ਭੂਮੀ ਵਿੱਚ ਡਾਕਟਰੀ ਬੁਨਿਆਦੀ ਢਾਂਚੇ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਵਿੱਚ, ਸੁਬਨਸਿਰੀ ਘਾਟੀ ਵਿੱਚ ਸਥਿਤ ਬੋਰਾਰੂਪਕ ਦੇ ਫੀਲਡ ਹਸਪਤਾਲ ਵਿੱਚ ਇੱਕ ਕੰਟੇਨਰਾਈਜ਼ਡ ਆਕਸੀਜਨ ਉਤਪਾਦਨ ਪਲਾਂਟ, ਇੱਕ ਰੀਫਿਲਿੰਗ ਸੈਂਟਰ ਦੇ ਨਾਲ, ਦਾ ਉਦਘਾਟਨ ਕੀਤਾ ਗਿਆ। ਸੋਲਜਰਜ਼ ਇੰਡੀਪੈਂਡੈਂਟ ਰੀਹੈਬਲੀਟੇਸ਼ਨ ਫਾਊਂਡੇਸ਼ਨ (ਐਸਆਈਆਰਐਫ) ਦੁਆਰਾ ਯੋਗਦਾਨ ਪਾਉਣ ਵਾਲੀ ਇਸ ਸਹੂਲਤ ਦਾ ਉਦਘਾਟਨ ਜਨਰਲ ਅਫਸਰ ਕਮਾਂਡਿੰਗ, ਸਪੀਅਰ ਕੋਰ, ਲੈਫਟੀਨੈਂਟ ਜਨਰਲ ਅਭਿਜੀਤ ਐਸ. ਪੇਂਧਰਕਾ ਦੁਆਰਾ ਕੀਤਾ ਗਿਆ।

ਇਸ ਸਮਾਗਮ ਵਿੱਚ ਭਾਰਤੀ ਫੌਜ ਦੇ ਸੀਨੀਅਰ ਅਧਿਕਾਰੀ, ਰਾਜ ਪ੍ਰਸ਼ਾਸਨ ਦੇ ਨੁਮਾਇੰਦੇ, ਸਥਾਨਕ ਭਾਈਚਾਰੇ ਦੇ ਮੈਂਬਰ ਅਤੇ ਸਾਬਕਾ ਸੈਨਿਕ ਸ਼ਾਮਲ ਹੋਏ। ਬੁਲਾਰੇ ਦੇ ਅਨੁਸਾਰ, ਇਹ ਸਥਾਪਨਾ ਮੈਡੀਕਲ-ਗ੍ਰੇਡ ਆਕਸੀਜਨ ਦੀ ਨਿਰੰਤਰ, ਭਰੋਸੇਮੰਦ ਸਪਲਾਈ ਨੂੰ ਯਕੀਨੀ ਬਣਾਉਣ ਲਈ ਤਿਆਰ ਕੀਤੀ ਗਈ ਹੈ, ਜੋ ਕਿ ਇਸ ਦੂਰ-ਦੁਰਾਡੇ, ਉੱਚ-ਉਚਾਈ ਵਾਲੇ ਖੇਤਰ ਵਿੱਚ ਫੌਜੀ ਕਰਮਚਾਰੀਆਂ ਅਤੇ ਨਾਗਰਿਕਾਂ ਦੋਵਾਂ ਦੀ ਸੇਵਾ ਕਰਨ ਲਈ ਫੀਲਡ ਹਸਪਤਾਲ ਦੀ ਸਮਰੱਥਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਂਦੀ ਹੈ। ਉਨ੍ਹਾਂ ਖੇਤਰਾਂ ਵਿੱਚ ਜਿੱਥੇ ਲੌਜਿਸਟਿਕਸ ਅਤੇ ਡਾਕਟਰੀ ਸਰੋਤ ਅਕਸਰ ਸੀਮਤ ਹੁੰਦੇ ਹਨ, ਇੱਕ ਸਮਰਪਿਤ ਆਕਸੀਜਨ ਉਤਪਾਦਨ ਅਤੇ ਰੀਫਿਲਿੰਗ ਸਹੂਲਤ ਇੱਕ ਮਹੱਤਵਪੂਰਨ ਜੀਵਨ ਰੇਖਾ ਵਜੋਂ ਕੰਮ ਕਰਦੀ ਹੈ।

ਲੈਫਟੀਨੈਂਟ ਕਰਨਲ ਰਾਵਤ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਮਜ਼ਬੂਤ ਸਿਵਲ-ਮਿਲਟਰੀ ਤਾਲਮੇਲ ਨੂੰ ਦਰਸਾਉਂਦੀ ਹੈ ਅਤੇ "ਰਾਸ਼ਟਰ ਪਹਿਲਾਂ" ਦੀ ਭਾਵਨਾ ਨੂੰ ਦਰਸਾਉਂਦੀ ਹੈ, ਹਥਿਆਰਬੰਦ ਸੈਨਾਵਾਂ ਅਤੇ ਸਿਵਲ ਸਮਾਜ ਵਿਚਕਾਰ ਭਾਈਵਾਲੀ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਕਿਹਾ ਕਿ ਐਸਆਈਆਰਐਫ ਦਾ ਯੋਗਦਾਨ ਮਾਨਵਤਾਵਾਦੀ ਸੇਵਾ ਅਤੇ ਰਾਸ਼ਟਰੀ ਭਲਾਈ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਉਜਾਗਰ ਕਰਦਾ ਹੈ।

ਇਸਦੇ ਬੁਨਿਆਦੀ ਢਾਂਚੇ ਦੇ ਮੁੱਲ ਤੋਂ ਪਰੇ, ਇਹ ਸਹੂਲਤ ਲਚਕੀਲੇਪਣ, ਤਿਆਰੀ ਅਤੇ ਉਮੀਦ ਦਾ ਪ੍ਰਤੀਕ ਹੈ, ਸੈਨਿਕਾਂ ਅਤੇ ਸਥਾਨਕ ਆਬਾਦੀ ਦੋਵਾਂ ਲਈ ਸਮੇਂ ਸਿਰ ਡਾਕਟਰੀ ਸਹਾਇਤਾ ਨੂੰ ਯਕੀਨੀ ਬਣਾਉਂਦੀ ਹੈ। ਇਹ ਪਹਿਲ ਦੇਸ਼ ਦੇ ਕੁਝ ਸਭ ਤੋਂ ਵੱਧ ਮੰਗ



ਵਾਲੇ ਵਾਤਾਵਰਣਾਂ ਵਿੱਚ ਰਾਸ਼ਟਰ-ਨਿਰਮਾਣ, ਭਾਈਚਾਰਕ ਦੇਖਭਾਲ ਅਤੇ ਕਾਰਜਸ਼ੀਲ ਤਿਆਰੀ ਪ੍ਰਤੀ ਭਾਰਤੀ ਫੌਜ ਦੇ ਸਮਰਪਣ ਦੀ ਪੁਸ਼ਟੀ ਕਰਦੀ ਹੈ, ਬੁਲਾਰੇ ਨੇ ਅੱਗੇ ਕਿਹਾ। ਇਸ ਦੌਰਾਨ, ਮਨੀਪੁਰ ਵਿੱਚ, ਭਾਰਤੀ ਫੌਜ ਨੇ ਇੱਕ ਜੀਵਨ-ਰੱਖਿਅਕ ਕਾਰਵਾਈ ਵਿੱਚ ਇੱਕ ਤੇਜ਼ ਅਤੇ ਪ੍ਰਭਾਵਸ਼ਾਲੀ ਪ੍ਰਤੀਕਿਰਿਆ ਦਿਖਾਈ ਜਿਸ ਵਿੱਚ ਇੱਕ ਸੱਤ ਸਾਲ ਦੇ ਬੱਚੇ ਨੂੰ ਸੱਪ ਦੇ ਡੰਗਣ ਦਾ ਸ਼ਿਕਾਰ ਹੋਣਾ ਪਿਆ ਸੀ।


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥



# ਕੈਲੀਫੋਰਨੀਆ ਦੀ ਧਰਤੀ 'ਤੇ ਪਹਿਲੀ ਵਾਰ

## ਸੈਕਰਾਮੈਂਟੋ ਦੇ ਕੈਪੀਟਲ ਗਰਾਉਂਡ 'ਚ ਬੜੀ ਸ਼ਰਧਾ, ਭਾਵਨਾ ਤੇ ਧੂਮਧਾਮ ਨਾਲ ਸਿੱਖ ਪੰਥ ਵੱਲੋਂ

# ਖਾਲਸਾ ਸਾਜਨਾ ਦਿਵਸ 2026

ਸ਼ਾਨੋ-ਸ਼ੌਕਤ ਤੇ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।

## ਇਹ ਸਿਰਫ਼ ਇੱਕ ਸਮਾਗਮ ਨਹੀਂ...

**ਇਹ ਸਾਡੀ ਪਛਾਣ, ਸਾਡੀ ਏਕਤਾ ਤੇ ਸਾਡੀ ਵਿਰਾਸਤ ਦਾ ਪ੍ਰਤੀਕ ਹੈ।**



**ਮਿਤੀ: 18 ਅਪ੍ਰੈਲ 2026, ਸ਼ਨੀਵਾਰ** | **ਸਮਾਂ: ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ**

ਸਾਰੀ ਸੰਗਤ ਨੂੰ State Capital of California, Sacramento 'ਚ ਪਹੁੰਚਣ ਲਈ ਨਿਮਰ ਸੱਦਾ ਦਿੱਤਾ ਜਾਂਦਾ ਹੈ।

## ਆਓ, ਇਸ ਇਤਿਹਾਸਿਕ ਦਿਹਾੜੇ ਨੂੰ ਮਿਲ ਕੇ ਮਨਾਈਏ...

ਕੀਰਤਨ, ਅਰਦਾਸ ਤੇ ਗੁਰੂ ਸਾਹਿਬ ਦੀ ਬਾਣੀ ਨਾਲ ਜੀਵਨ ਨੂੰ ਨਿਹਾਲ ਕਰੀਏ।
ਅਮਰੀਕਨ ਭਾਈਚਾਰੇ ਨਾਲ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਸਾਂਝੀਆਂ ਕਰੀਏ।

**ਗੁਰੂ ਕੇ ਲੰਗਰ ਦੀ ਸੇਵਾ :**
ਸਮੂਹ ਮਹਿੰਦਰ ਸਿੰਘ ਢੰਡਾ ਪਰਿਵਾਰ,
ਸਮੂਹ ਮਲਕੀਤ ਸਿੰਘ ਜੌਹਲ ਪਰਿਵਾਰ,
ਸਮੂਹ ਨੌਜਵਾਨ ਵੀਰ (ਕਰਨਾਲ)

**ਸੰਗਤ ਦੀ ਸਹੂਲਤ ਲਈ :**

**ਸ. ਨਰਿੰਦਰ ਸਿੰਘ ਥਾਂਦੀ**
(ਪ੍ਰਧਾਨ ਗੁ. ਵੈਸਟ ਸੈਕਰਾਮੈਂਟੋ) ਵਲੋਂ

**ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ**
ਗੁਰਦੁਆਰਾ ਸਾਹਿਬ ਤੋਂ ਕੈਪੀਟਲ ਗਰਾਉਂਡ ਤੱਕ
ਫ੍ਰੀ ਬੱਸ ਸੇਵਾ ਉਪਲੱਬਧ ਹੋਵੇਗੀ।

**ਖਾਸ ਬੇਨਤੀ :** ਸਾਰੇ ਵੀਰ ਬਸੰਤੀ ਰੰਗ ਦੀਆਂ ਪੱਗਾਂ, ਬੀਬੀਆਂ ਬਸੰਤੀ ਰੰਗ ਦੇ ਦੁਪੱਟੇ ਪਹਿਨ ਕੇ ਆਉਣ ਤਾਂ ਜੋ ਖਾਲਸੇ ਦੀ ਸ਼ਾਨ ਹੋਰ ਵੀ ਨਿਖਰੇ।

**ਸਹਿਯੋਗੀ ਸੰਸਥਾਵਾਂ :** • ਗੁਰਦੁਆਰਾ ਪ੍ਰਬੰਧਕ ਕਮੇਟੀ ਵੈਸਟ ਸੈਕਰਾਮੈਂਟੋ • ਇਲਾਕੇ ਦੀਆਂ ਗੁਰਦੁਆਰਾ ਕਮੇਟੀਆਂ • ਕੈਲੀਫੋਰਨੀਆ ਸਿੱਖ ਯੂਥ ਐਲਾਇੰਸ • ਸਮੂਹ ਸਾਧ ਸੰਗਤ • ਨੌਜਵਾਨ ਵੀਰ (ਕਰਨਾਲ) • Bhagat Puran Singh Health Initiative

## ਵਧੇਰੇ ਜਾਣਕਾਰੀ ਲਈ : 916-600-1435


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੇ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਪ੍ਰਸਿੱਧ ਸਟੇਜ ਐਂਕਰ ਸੁਭਾਸ਼ ਰਾਹੀ ਦਾ ਅੰਮ੍ਰਿਤਸਰ 'ਚ ਸਨਮਾਨ

ਅੰਮ੍ਰਿਤਸਰ
ਸਵਿੰਦਰ ਸਿੰਘ

ਪ੍ਰਸਿੱਧ ਸਟੇਜ ਐਂਕਰ ਸੁਭਾਸ਼ ਰਾਹੀ ਨੂੰ ਮੁਹੰਮਦ ਅਜ਼ੀਜ ਵੈਲਫ਼ੇਅਰ ਸੋਸਾਇਟੀ (ਰਜਿ.) ਅੰਮ੍ਰਿਤਸਰ ਵੱਲੋਂ ਇੱਕ ਰੰਗਾਰੰਗ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਤੋਚੀ ਅਤੇ ਪ੍ਰਧਾਨ ਰਾਜ ਕੁਮਾਰ ਵਰਮਾ ਵੀ ਮੌਜੂਦ ਰਹੇ। ਇਸ ਸੰਗੀਤਮਈ ਸ਼ਾਮ ਵਿੱਚ ਸੁਭਾਸ਼ ਰਾਹੀ ਨੇ ਆਪਣੀ ਦਮਦਾਰ ਐਂਕਰਿੰਗ ਅਤੇ ਮਿੱਠੀ ਅਵਾਜ਼ ਨਾਲ ਦਰਸ਼ਕਾਂ ਨੂੰ ਮੋਹ ਲਿਆ ਅਤੇ ਸਮਾਗਮ ਦਾ ਕੇਂਦਰ ਬਣੇ ਰਹੇ।

ਉਨ੍ਹਾਂ ਨੇ ਬਾਲੀਵੁੱਡ ਅਤੇ ਪਾਲੀਵੁੱਡ ਦੀਆਂ ਪ੍ਰਸਿੱਧ ਗਾਇਕਾਵਾਂ ਅਤੇ ਕਲਾਕਾਰਾਂ ਨਾਲ ਸਟੇਜ ਸਾਂਝੀ ਕਰਕੇ ਆਪਣੇ ਹੁਨਰ ਦਾ ਲੋਹਾ ਮਨਵਾਇਆ। ਅੰਮ੍ਰਿਤਸਰ ਗੁਰੂ ਨਗਰੀ ਤੋਂ ਆਪਣੀ ਕਲਾ ਦਾ ਸਫਰ ਸ਼ੁਰੂ ਕਰਦੇ ਹੋਏ, ਹੁਣ ਉਹ ਰਾਜਧਾਨੀ ਦਿੱਲੀ ਵੱਲ ਰੁਖ ਕਰ ਚੁੱਕੇ ਹਨ, ਜਿੱਥੇ ਉਹ ਦਿੱਲੀ ਵਾਲਿਆਂ ਦੇ ਦਿਲ ਵੀ ਜਿੱਤ ਰਹੇ ਹਨ ਸੁਭਾਸ਼ ਰਾਹੀ ਦੀ ਅਗਲੀ ਮੰਜ਼ਿਲ ਮੁੰਬਈ ਹੈ, ਜਿੱਥੇ ਉਹ ਵੱਡੇ ਕਲਾਕਾਰਾਂ ਨਾਲ ਸਟੇਜ ਸਾਂਝੀ ਕਰਨ ਦੀ ਖ਼ਾਹਿਸ਼ ਰੱਖਦੇ ਹਨ। ਉਨ੍ਹਾਂ ਦੀ ਲਗਨ ਅਤੇ ਮਿਹਨਤ ਨੂੰ ਦੇਖਦੇ ਹੋਏ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਉਹ ਜਲਦੀ ਹੀ ਹੋਰ ਵੱਡੀਆਂ ਉੱਚਾਈਆਂ ਨੂੰ ਛੂਹਣਗੇ।

# ਉੱਘੇ ਲੇਖਕ ਮੰਗਾ ਬਾਸੀ ਦੇ ਦੇਹਾਂਤ 'ਤੇ ਗਹਿਰਾ ਦੁੱਖ, ਸਾਹਿਤਕ ਜਗਤ ਵਿੱਚ ਸੋਗ

ਅੰਮ੍ਰਿਤਸਰ
ਸਵਿੰਦਰ ਸਿੰਘ



ਉੱਘੇ ਲੇਖਕ ਅਤੇ ਸਫਲ ਕਾਰੋਬਾਰੀ ਮੰਗਾ ਬਾਸੀ ਦੇ ਦੇਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਵੱਲੋਂ ਡੂੰਘਾ ਦੁੱਖ ਅਤੇ ਅਫ਼ਸੋਸ ਪ੍ਰਗਟਾਇਆ ਗਿਆ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਕੁਹਾੜ ਅਤੇ ਦਫ਼ਤਰ ਸੱਕਤਰ ਦੀਪ ਦੇਵਿੰਦਰ ਸਿੰਘ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਮੰਗਾ ਬਾਸੀ ਦਾ ਵਿਛੋੜਾ ਪੰਜਾਬੀ ਸਾਹਿਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ।

ਕੇਂਦਰੀ ਸਭਾ ਦੇ ਅਹੁਦੇਦਾਰ ਸ਼ੈਲਿੰਦਰਜੀਤ ਰਾਜਨ, ਸੁਰਿੰਦਰ ਪ੍ਰੀਤ ਘਣੀਆ, ਦਲਜੀਤ ਸਿੰਘ ਸਾਹੀ, ਬਲਵਿੰਦਰ ਸੰਧੂ, ਭੁਪਿੰਦਰ ਪ੍ਰੀਤ, ਮਨਜੀਤ ਇੰਦਰਾ, ਡਾ. ਸਿੰਦਰਪਾਲ ਸਿੰਘ, ਡਾ ਕਰਮਜੀਤ ਸਿੰਘ, ਅਤੇ ਯਾਤਿੰਦਰ ਮਾਹਲ ਨੇ ਕਿਹਾ ਕਿ ਮੰਗਾ ਬਾਸੀ ਨੇ ਆਪਣੀਆਂ ਲਿਖਤਾਂ ਰਾਹੀਂ ਮਨੁੱਖੀ ਸੰਵੇਦਨਾਵਾਂ ਨੂੰ ਡੂੰਘਾਈ ਨਾਲ ਪ੍ਰਗਟਾਇਆ ਅਤੇ ਉਹ ਇੱਕ ਸੰਵੇਦਨਸ਼ੀਲ ਤੇ ਸਮਰਪਿਤ ਲੇਖਕ ਵਜੋਂ ਹਮੇਸ਼ਾਂ ਯਾਦ ਰਹਿਣਗੇ। ਇਸੇ ਦੌਰਾਨ ਅਦਾਰਾ 'ਹੁਣ' ਵੱਲੋਂ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਪ੍ਰਬੰਧਕੀ ਸੰਪਾਦਕ ਰਵਿੰਦਰ ਸਹਿਰਾਅ, ਸੰਪਾਦਕਾਂ ਕਮਲ ਦੁਸਾਂਝ, ਸੁਰਿੰਦਰ ਸੋਹਲ ਅਤੇ ਕਿਰਤ ਮੀਤ ਨੇ ਕਿਹਾ ਕਿ ਮੰਗਾ ਬਾਸੀ ਦੀਆਂ ਲਿਖਤਾਂ ਵਿੱਚ ਜ਼ਿੰਦਗੀ ਦੀ ਸੱਚਾਈ ਅਤੇ ਜਜ਼ਬਾਤਾਂ ਦੀ ਨਿਰਮਲਤਾ ਵੱਸਦੀ ਸੀ। ਜ਼ਿਕਰਯੋਗ ਹੈ ਕਿ 73 ਸਾਲਾ ਮੰਗਾ ਬਾਸੀ ਪਿਛਲੇ ਦਿਨੀਂ ਕੈਨੇਡਾ ਦੇ ਕੈਮਲੂਪਸ ਸਥਿਤ ਰੋਇਲ ਇਨਲੈਂਡ ਹਸਪਤਾਲ ਵਿੱਚ ਇਲਾਜ ਅਧੀਨ ਸਨ, ਜਿੱਥੇ ਉਨ੍ਹਾਂ ਨੇ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਆਖ਼ਰੀ ਸਾਹ ਲਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨਾਲ ਕੈਨੇਡਾ ਅਤੇ ਪੰਜਾਬ ਦੇ ਸਾਹਿਤਕ ਗਲਿਆਰਿਆਂ ਵਿੱਚ ਡੂੰਘਾ ਸੋਗ ਪਸਰ ਗਿਆ ਹੈ।

# ਗਾਇਕ ਕਰਤਾਰ ਰਮਲਾ ਯਾਦਗਾਰੀ ਸਮਾਗਮ ਮਲੋਟ ਵਿਖੇ ਕਰਵਾਇਆ ਗਿਆ

ਮਲੋਟ
ਛਿੰਦਾ ਕੁਰਾਈ ਵਾਲਾ



ਅੱਜ ਸਵ ਲੋਕ ਗਾਇਕ ਕਰਤਾਰ ਰਮਲਾ ਦੀ ਬਰਸੀ ਨੂੰ ਸਮਰਪਿਤ ਸਮਾਗਮ ਡਾਕਟਰ ਮੋਹਨ ਕਟਾਰੀਆ ਮਲੋਟ ਦੀ ਰਹਿਨੁਮਾਈ ਹੇਠ ਮਲੋਟ ਵਿਖੇ ਕਰਵਾਇਆ ਗਿਆ, ਜਿਸ ਵਿੱਚ ਮਿਉਜਿਕ ਖੇਤਰ ਵਿੱਚ ਨਾਮਣਾ ਖੱਟਣ ਵਾਲੀਆ ਸਖਸ਼ੀਅਤਾ ਦਾ ਸਨਮਾਨ ਕੀਤਾ ਗਿਆ, ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਵਾਈ ਗਈ। ਕੀਰਤਨ ਵਾਸਤੇ ਤਬਲਾ ਅਤੇ ਹੋਰ ਸਮਾਨ ਗੁਰੂ ਘਰ ਭੇਟ ਕੀਤਾ ਗਿਆ ਇਸ ਮੌਕੇ ਇਲਾਕੇ ਦੀਆ ਸਖਸ਼ੀਅਤਾ ਸ਼ਾਮਲ ਹੋਈਆ ਜਿਨਾ ਵਿਚੋ ਪ੍ਰਮੁੱਖ ਹਨ ਛਿੰਦਾ ਧਾਲੀਵਾਲ ਕੁਰਾਈ ਵਾਲਾ, ਡਾ ਸੁਨੀਲ ਬਾਂਸਲ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ, ਰਵਿੰਦਰ ਕਟਾਰੀਆ, ਇਸ਼ਾਨ ਕਟਾਰੀਆ, ਸੁਨੀਲ ਕੁਮਾਰ ਕੱਕੜ ਫਾਜਿਲਕਾ, ਵਿਰਾਟ ਕੱਕੜ, ਰਾਜ ਕੁਮਾਰ ਪਾਹਵਾ, ਗਗਨ ਅਪਟੀਕਲ, ਰਾਜਵੀਰ ਜਵੈਲਰ, ਪਾਹੁਲ, ਬੌਬੀ ਰੇਵੜੀ (ਗੁਰੂ ਗੋਬਿੰਦ ਸਿੰਘ ਮੈਡੀਕਲ ਸਟੋਰ, ਜਗਦੇਵ ਭੂੰਦੜ ਚੰਡੀਗੜ੍ਹ, ਨਿੰਦਰ ਸਿੰਘ ਲੈਕਚਰਾਰ, ਪਾਲੀ ਕਾਰ ਮਕੈਨਿਕ, ਜਸਕਰਨ ਸਿੰਘ ਧਾਲੀਵਾਲ, ਡਾ.ਸੁਨੀਲ ਬਾਂਸਲ ਸੀ ਐਮ ਓ, ਜਸਵਿੰਦਰ ਸਿੰਘ ਬਾਠ, ਵਿੰਦਰ ਸੰਧੂ, ਡਾ.ਸੁਮਨ ਗਰਗ, ਡਾ.ਰਾਧੇ ਸ਼ਾਮ ਖੁਰਾਣਾ, ਹਰਿੰਦਰਪਾਲ ਸਿੰਘ ਕਾਲਾ ਮੱਕੜ, ਐਡਵੋਕੇਟ ਵਿਕਾਸ ਸੇਤੀਆ, ਸੀਨੀਅਰ ਪੱਤਰਕਾਰ ਹਰੀਸ਼ ਗਰੋਵਰ, ਪੱਤਰਕਾਰ ਰੋਹਿਤ ਕਾਲੜਾ ਮਲੋਟ ਨਿਊਜ, ਡਾ.ਅਰਜੁਨ ਦਾਸ ਬਾਘਲਾ, ਦਵਿੰਦਰ ਮੱਕੜ, ਗੁਰੂ ਕਿਰਪਾ ਫੋਟੋ ਕਲਰ ਲੈਬ, ਅਮਰਜੀਤ ਸਿੰਘ ਪ੍ਰਧਾਨ, ਅਮ੍ਰਿਤਪਾਲ ਸਿੰਘ ਲਾਡੀ ਮਿਸਤਰੀ, ਸਤਪਾਲ ਕਟਾਰੀਅ, ਦੀਪਕ, ਰਾਜੇਸ਼ ਵਰਮਾ, ਪਾਲ ਅਵਤਾਰ ਟਾਇਰਾ ਵਾਲੇ, ਰਾਕੇਸ਼ ਗੋਇਲ, ਸ਼ੁਭਾਸ਼ ਗੁੰਬਰ, ਰਾਹੁਲ ਟੇਲਰ, ਜਗਦੀਸ਼ ਜਰਨਲ ਸਟੋਰ, ਮਾਸਟਰ ਸੰਜੀਵ ਗਰਗ, ਜੀਤ ਸਿੰਘ ਮੱਕੜ, ਹੈਪੀ ਸਰਾਂ, ਅਰਜਨ ਦਾਸ, ਰਿੰਕੂ ਕੰਪਿਊਟਰ ਵਾਲੇ, ਮੁਖਤਿਆਰ ਸਿੰਘ ਵੰਗੜ, ਸਵਰਨ ਸਿੰਘ ਵੰਗੜ ਫਰੀਦਕੋਟ, ਗੁਲਾਬ ਸਿੰਘ ਭੁਟੀਵਾਲਾ, ਰੇਸ਼ਮ ਸਿੰਘ ਭੁੱਟੀਵਾਲਾ, ਗੀਤਕਾਰ ਭਿੰਦਰ ਸਿਖਾਵਾਲਾ। ਇਸ ਮੌਕੇ ਡਾ ਮੋਹਨ ਕਟਾਰੀਆ ਮਲੋਟ ਨੇ ਸਾਰਿਆ ਨੂੰ ਜੀਉ ਆਇਆ ਆਖਿਆ

# ਲੋਕ ਸੰਗੀਤ ਦੀ ਦੁਨੀਆ ਵਿੱਚ ਚਮਕੀ ਕਵਿਤਾ ਸੰਧੂ "ਮਿਸਿਜ਼ ਇੰਡੀਆ 2020" ਨੇ ਬਣਾਈ ਵੱਖਰੀ ਪਹਿਚਾਣ

ਅੰਮ੍ਰਿਤਸਰ
ਸਵਿੰਦਰ ਸਿੰਘ



ਭਾਰਤੀ ਲੋਕ ਸੰਗੀਤ ਨੂੰ ਨਵੀਂ ਉਚਾਈਆਂ ਤੱਕ ਲੈ ਜਾਣ ਵਾਲੀ ਗਾਇਕਾ ਕਵਿਤਾ ਸੰਧੂ ਅੱਜ ਕੱਲ੍ਹ ਚਰਚਾ ਦਾ ਕੇਂਦਰ ਬਣੀ ਹੋਈ ਹੈ। ਆਪਣੇ ਸੁਰਾਂ ਨਾਲ ਲੋਕ ਪਰੰਪਰਾਵਾਂ ਨੂੰ ਜਿਊਂਦਾ ਰੱਖਣ ਵਾਲੀ ਕਵਿਤਾ, ਜਿਸਨੂੰ "ਕਵੀ ਸੰਧੂ" ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ ਨੇ ਥੋੜੇ ਸਮੇਂ ਵਿੱਚ ਹੀ ਸੰਗੀਤ ਜਗਤ ਵਿੱਚ ਆਪਣਾ ਖਾਸ ਮਕਾਮ ਬਣਾਇਆ ਹੈ। 21 ਸਤੰਬਰ 1972 ਨੂੰ ਹਰਿਆਣਾ ਦੇ ਜੀਂਦ ਵਿੱਚ ਜਨਮੀ ਕਵਿਤਾ ਸੰਧੂ ਨੇ ਬਚਪਨ ਤੋਂ ਹੀ ਗਾਇਕੀ ਵਿੱਚ ਦਿਲਚਸਪੀ ਦਿਖਾਈ। ਸਕੂਲ ਦੇ ਸਮੇਂ ਤੋਂ ਹੀ ਉਹ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਕੇ ਆਪਣੀ ਕਲਾ ਨੂੰ ਨਿਖਾਰਦੀ ਰਹੀ। ਉੱਚ ਸਿੱਖਿਆ ਹਾਸਲ ਕਰਦੇ ਹੋਏ ਇੰਗਲਿਸ਼ ਸਾਹਿਤ ਵਿੱਚ ਪੋਸਟ-ਗ੍ਰੈਜੂਏਸ਼ਨ, ਬੀ.ਐੱਡ ਅਤੇ ਐਮ.ਐੱਡ ਕਰਕੇ ਉਹ ਇੱਕ ਕਾਬਿਲ ਅਧਿਆਪਿਕਾ ਵੀ ਬਣੀ। ਕਵਿਤਾ ਸੰਧੂ ਸਿਰਫ਼ ਗਾਇਕੀ ਤੱਕ ਸੀਮਿਤ ਨਹੀਂ, ਸਗੋਂ ਮਾਡਲਿੰਗ, ਅਦਾਕਾਰੀ ਅਤੇ ਸਮਾਜ ਸੇਵਾ ਵਿੱਚ ਵੀ ਆਪਣਾ ਯੋਗਦਾਨ ਪਾ ਰਹੀ ਹੈ। 2020 ਤੋਂ ਉਹ ਲੋਕ ਸੰਗੀਤ ਨੂੰ ਬਚਾਉਣ ਅਤੇ ਉਸਦਾ ਪ੍ਰਚਾਰ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਹੁਣ ਤੱਕ ਉਹ 50 ਤੋਂ ਵੱਧ ਗੀਤ ਗਾ ਚੁੱਕੀ ਹੈ ਅਤੇ ਆਪਣੇ ਪ੍ਰਸ਼ੰਸਕਾਂ ਦਾ ਵੱਡਾ ਵਰਗ ਤਿਆਰ ਕਰ ਚੁੱਕੀ ਹੈ। 2021 ਵਿੱਚ ਆਪਣੇ ਪਹਿਲੇ ਗੀਤ "ਵਾਰਨਿੰਗ" ਨਾਲ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਕਵਿਤਾ ਸੰਧੂ ਨੇ ਫਿਰ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਹ ਹਰਿਆਣਵੀ, ਰਾਜਸਥਾਨੀ, ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਲੋਕ ਗੀਤ ਗਾ ਕੇ ਨੌਜਵਾਨ ਪੀੜ੍ਹੀ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜ ਰਹੀ ਹੈ। ਅਕਾਸ਼ਵਾਣੀ ਰੋਹਤਕ ਨਾਲ ਜੁੜ ਕੇ ਉਨ੍ਹਾਂ ਨੇ ਕਈ ਪ੍ਰਸਿੱਧ ਗੀਤ ਗਾਏ ਅਤੇ ਦਰਸ਼ਕਾਂ ਦੀ ਵੱਡੀ ਪ੍ਰਸ਼ੰਸਾ ਹਾਸਲ ਕੀਤੀ। ਇਸ ਤੋਂ ਇਲਾਵਾ ਉਹਨਾਂ ਨੂੰ ਮਸ਼ਹੂਰ ਗਾਇਕਾਂ ਨਾਲ ਗਾਉਣ ਦਾ ਮੌਕਾ ਵੀ ਮਿਲਿਆ, ਜੋ ਉਨ੍ਹਾਂ ਦੇ ਕਰੀਅਰ ਦੀ ਵੱਡੀ ਉਪਲਬਧੀ ਹੈ। ਕਵਿਤਾ ਸੰਧੂ ਦੀ ਜੀਵਨ ਯਾਤਰਾ ਹਰ ਉਸ ਇਨਸਾਨ ਲਈ ਪ੍ਰੇਰਣਾ ਹੈ ਜੋ ਆਪਣੇ ਸੁਪਨਿਆਂ ਨੂੰ ਸੱਚ ਕਰਨਾ ਚਾਹੁੰਦਾ ਹੈ।




ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ
HOPE
IMMIGRATION
Where Hope Meets
IMMIGRATION OPPORTUNITIES
USA SERVICES :
CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS
INDIAN SERVICES :
Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES
WE CAN HELP YOU WORK AND SETTLE IN COUNTRIES WORLDWIDE ALSO
ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ
ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630
WEBSITE : www.hopeimmigration.net | Email : help@hopeimmigration.net
ਅਸੀਂ California State ਦੇ Bonded Immigration Consultant ਹਾਂ
ADDRESS : 2953 W CAPITOL AVE WEST SACRAMENTO, CA 95691
ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ
ਵਿਸਾਖੀ ਦੇ ਪਾਵਨ ਮੌਕੇ 'ਤੇ ਵਿਸ਼ਾਲ ਗੁਰਮਤਿ ਸਮਾਗਮ
ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ 'ਚ
ਸੰਤ ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਵਾਲਿਆਂ ਦੇ ਯਾਦਗਾਰੀ ਅਸਥਾਨ 'ਤੇ
ਵਿਸਾਖੀ ਦੇ ਪਾਵਨ ਮੌਕੇ 'ਤੇ 1 ਤੋਂ 14 ਅਪ੍ਰੈਲ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।
ਖਾਸ ਹਾਜ਼ਰੀਆਂ :
1 ਅਪ੍ਰੈਲ – 9 ਅਪ੍ਰੈਲ
ਢਾਡੀ ਜਥਾ
ਭਾਈ ਅਮਰਜੀਤ ਸਿੰਘ ਜੀ ਜੋਹਲ (ਬਿਧੀਪੁਰ)
10 ਅਪ੍ਰੈਲ – 14 ਅਪ੍ਰੈਲ
ਢਾਡੀ ਜਥਾ
ਭਾਈ ਤਰਸੇਮ ਸਿੰਘ ਜੀ ਮੋਰਾਂਵਾਲੀ
14 ਅਪ੍ਰੈਲ
ਰਾਗੀ ਜਥਾ
ਭਾਈ ਆਤਮਜੋਤ ਸਿੰਘ ਜੀ (ਯੂਬਾ ਸਿਟੀ) ਵਾਲੇ
ਅੰਮ੍ਰਿਤ ਸੰਚਾਰ 12 ਅਪ੍ਰੈਲ ਦੁਪਹਿਰ 2 ਵਜੇ
ਸੰਗਤਾਂ ਲਈ ਲੰਗਰ ਦੇ ਬਿਅੰਤ ਸਟਾਲਾਂ ਦਾ ਵਿਸ਼ੇਸ਼ ਪ੍ਰਬੰਧ
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।
ਹੈਡ ਗ੍ਰੰਥੀ: ਬਾਬਾ ਜੋਗਿੰਦਰ ਸਿੰਘ ਜੀ 209-445-5972 | ਪ੍ਰਧਾਨ: ਭਾਈ ਜਰਨੈਲ ਸਿੰਘ ਜੀ 209-321-1733
2050 W. Woodward Ave, Manteca, CA 95337


CIS
CALIFORNIA
IMMIGRATION SERVICES
YOUR REGISTERED & BONDED “IMMIGRATION-CONSULTANTS”
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# ਭਾਜਪਾ ਦੇ ਜ਼ੁਲਮ ਵਿਰੁੱਧ 'ਆਪ' ਨਾਲ ਪੂਰਾ ਗੁਜਰਾਤ ਹੋਣ ਜਾ ਰਿਹਾ ਹੈ ਬਦਲਾਅ- ਕੇਜਰੀਵਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਗੁਜਰਾਤ ਦੌਰੇ 'ਤੇ ਆਏ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਾਹੋਦ ਵਿੱਚ 'ਵਿਜੇ ਵਿਸ਼ਵਾਸ ਸਭਾ' ਰਾਹੀਂ ਭਾਜਪਾ ਅਤੇ ਕਾਂਗਰਸ ਦੇ ਗੁਪਤ ਗਠਜੋੜ 'ਤੇ ਤਿੱਖਾ ਹਮਲਾ ਬੋਲਿਆ। ਸਭਾ ਵਿੱਚ ਉਮੜੇ ਜਨ-ਸਮੂਹ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗੁਜਰਾਤ ਦੀ ਜਨਤਾ ਭਾਜਪਾ ਦੇ ਦਮਨ ਵਿਰੁੱਧ ਖੜ੍ਹੀ ਹੋ ਚੁੱਕੀ ਹੈ ਅਤੇ ਆਮ ਆਦਮੀ ਪਾਰਟੀ ਨਾਲ ਮਿਲ ਕੇ ਬਦਲਾਅ ਕਰਨ ਜਾ ਰਹੀ ਹੈ। ਆਮ ਆਦਮੀ ਪਾਰਟੀ ਦੇ ਵਧਦੇ ਜਨ ਸਮਰਥਨ ਨੂੰ ਦੇਖ ਕੇ ਭਾਜਪਾ ਡਰ ਗਈ ਹੈ ਅਤੇ ਰੋਜ਼ਾਨਾ ਸਾਡੇ ਵਰਕਰਾਂ ਨੂੰ ਗ੍ਰਿਫਤਾਰ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ 30 ਸਾਲਾਂ ਵਿੱਚ ਭਾਜਪਾ ਸਰਕਾਰ ਚੰਗੇ ਸਕੂਲ-ਹਸਪਤਾਲ ਅਤੇ ਖੇਤੀ ਲਈ ਪਾਣੀ ਤੱਕ ਨਹੀਂ ਦੇ ਸਕੀ, ਕਿਉਂਕਿ ਇਨ੍ਹਾਂ ਦੀ ਨੀਅਤ ਹੀ ਖਰਾਬ ਹੈ। ਇਸ ਵਾਰ ਜਨਤਾ ਖੇਤੀ-ਘਰ ਦੀ ਮੁਫ਼ਤ ਬਿਜਲੀ, ਔਰਤਾਂ ਨੂੰ ਇੱਕ ਹਜ਼ਾਰ ਰੁਪਏ, 10 ਲੱਖ ਦਾ ਸਿਹਤ ਬੀਮਾ ਅਤੇ ਚੰਗੇ ਸਕੂਲਾਂ ਲਈ ਵੋਟ ਪਾਵੇਗੀ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੇ 30 ਸਾਲਾਂ ਵਿੱਚ ਭਾਜਪਾ ਨੇ ਕਾਂਗਰਸ ਨਾਲ ਮਿਲ ਕੇ ਗੁਜਰਾਤ ਨੂੰ ਲੁੱਟਿਆ ਹੈ। ਇਨ੍ਹਾਂ ਨੇ ਸਭ ਤੋਂ ਵੱਧ ਆਦਿਵਾਸੀਆਂ ਨੂੰ ਲੁੱਟਿਆ ਹੈ ਅਤੇ ਉਨ੍ਹਾਂ 'ਤੇ ਅੱਤਿਆਚਾਰ ਕੀਤੇ ਹਨ। ਗੁਜਰਾਤ ਵਿੱਚ ਸਭ ਤੋਂ ਪੱਛੜਿਆ ਅਤੇ ਸ਼ੋਸ਼ਿਤ ਵਰਗ ਆਦਿਵਾਸੀ ਸਮਾਜ ਹੈ। ਬੱਚਿਆਂ ਦੀ ਸਿੱਖਿਆ ਅਤੇ ਰੁਜ਼ਗਾਰ ਦਾ ਕੋਈ ਪ੍ਰਬੰਧ ਨਹੀਂ ਹੈ। ਮਜਬੂਰੀ ਵਿੱਚ ਬੱਚੇ ਖੇਤੀ ਕਰਦੇ ਹਨ ਪਰ ਭਾਜਪਾ ਸਰਕਾਰ ਨੇ ਕਿਸਾਨਾਂ ਦਾ ਵੀ ਬੁਰਾ ਹਾਲ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਹਰ ਸਾਲ ਅਰਬਾਂ-ਖਰਬਾਂ ਰੁਪਏ ਆਦਿਵਾਸੀ ਸਮਾਜ ਦੇ ਕਲਿਆਣ ਲਈ ਭੇਜਦੀਆਂ ਹਨ। ਪਿਛਲੇ 30 ਸਾਲਾਂ ਵਿੱਚ ਆਦਿਵਾਸੀ ਸਮਾਜ ਦੇ ਭਲੇ ਲਈ ਜਿੰਨਾ ਪੈਸਾ ਆਇਆ, ਜੇਕਰ ਇਹ ਪੈਸਾ ਸਿੱਧਾ ਇੱਕ-ਇੱਕ ਵਿਅਕਤੀ ਨੂੰ ਦੇ ਦਿੱਤਾ ਜਾਂਦਾ ਤਾਂ ਹਰ ਕੋਈ ਕਰੋੜਪਤੀ ਬਣ ਜਾਂਦਾ। ਪਰ ਆਦਿਵਾਸੀ ਸਮਾਜ ਦੇ ਨਾਂ 'ਤੇ ਆਉਣ ਵਾਲਾ ਪੈਸਾ ਭਾਜਪਾ ਅਤੇ ਕਾਂਗਰਸ ਵਾਲਿਆਂ ਦੀਆਂ ਜੇਬਾਂ ਵਿੱਚ ਚਲਾ ਜਾਂਦਾ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਰੇਗਾ ਵਿੱਚ ਸਭ ਤੋਂ ਗਰੀਬ ਵਿਅਕਤੀ ਭਿਆਨਕ ਗਰਮੀ ਵਿੱਚ ਪਸੀਨਾ ਵਹਾ ਕੇ ਮਜ਼ਦੂਰੀ ਕਰਦਾ ਹੈ। ਸਿਰਫ਼ 100 ਦਿਨਾਂ ਦੇ ਰੁਜ਼ਗਾਰ ਦੇ ਪੈਸੇ ਮਿਲਦੇ ਹਨ। ਇਹ ਲੋਕ ਮਜ਼ਦੂਰਾਂ ਦੇ ਨਾਂ ਦੀ ਐਂਟਰੀ ਕਰਕੇ ਮਨਰੇਗਾ ਦਾ ਪੈਸਾ ਵੀ ਖਾ ਗਏ। ਮਜ਼ਦੂਰਾਂ ਨੂੰ ਇਸ ਦੀ ਜਾਣਕਾਰੀ ਹੀ ਨਹੀਂ ਹੁੰਦੀ ਕਿ ਉਨ੍ਹਾਂ ਦੇ ਨਾਂ ਦਾ ਅੰਗੂਠਾ ਲੱਗ ਗਿਆ ਹੈ। 'ਆਪ' ਵਿਧਾਇਕ ਨੇ ਮਨਰੇਗਾ ਦੇ ਪੈਸੇ ਦੀ ਲੁੱਟ ਖ਼ਿਲਾਫ਼ ਆਵਾਜ਼ ਉਠਾਈ। ਜਦੋਂ ਉਨ੍ਹਾਂ ਨੇ ਰਜਿਸਟਰ ਦਿਖਾਉਣ ਲਈ ਕਿਹਾ ਤਾਂ ਭਾਜਪਾ ਸਰਕਾਰ ਨੇ ਉਨ੍ਹਾਂ ਨੂੰ ਫੜ ਕੇ ਜੇਲ੍ਹ ਵਿੱਚ ਸੁੱਟ ਦਿੱਤਾ। ਨਰੇਗਾ ਦਾ ਪੈਸਾ ਚੋਰੀ ਕਰਨ ਵਾਲੇ ਭਾਜਪਾ ਸਰਕਾਰ ਦੇ ਮੰਤਰੀ ਨੂੰ ਜੇਲ੍ਹ ਨਹੀਂ ਭੇਜਿਆ ਗਿਆ, ਕਿਉਂਕਿ ਉਹ ਉੱਪਰ ਤੱਕ ਪੈਸਾ ਪਹੁੰਚਾਉਂਦਾ ਹੈ। ਗਰੀਬਾਂ ਦਾ ਹੱਕ ਦਿਵਾਉਣ ਲਈ ਚੈਤਰ ਵਸਾਵਾ ਤਿੰਨ ਮਹੀਨੇ ਜੇਲ੍ਹ ਵਿੱਚ ਰਹੇ। ਇਸੇ ਤਰ੍ਹਾਂ, 'ਨਲ ਸੇ ਜਲ' ਯੋਜਨਾ ਵਿੱਚ ਅਰਬਾਂ-ਖਰਬਾਂ ਰੁਪਏ ਆਉਂਦੇ ਹਨ, ਪਰ ਕਿਸੇ ਦੇ ਘਰ ਵਿੱਚ ਨਲ ਰਾਹੀਂ ਪਾਣੀ ਨਹੀਂ ਆਇਆ। ਭਾਜਪਾ ਵਾਲੇ ਇਸ ਦਾ ਵੀ ਸਾਰਾ ਪੈਸਾ ਖਾ ਗਏ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਮ ਲੋਕਾਂ ਦੀਆਂ ਵੋਟਾਂ ਨਾਲ ਭਾਜਪਾ-ਕਾਂਗਰਸ ਵਾਲੇ ਵਿਧਾਇਕ ਅਤੇ ਮੰਤਰੀ ਬਣ ਜਾਂਦੇ ਹਨ, ਇਨ੍ਹਾਂ ਦੇ ਬੱਚੇ ਵਿਦੇਸ਼ਾਂ ਵਿੱਚ ਪੜ੍ਹਦੇ ਹਨ ਅਤੇ ਆਮ ਲੋਕਾਂ ਦੇ ਬੱਚਿਆਂ ਲਈ ਢੰਗ ਦੇ ਸਰਕਾਰੀ ਸਕੂਲ ਵੀ ਨਹੀਂ ਹਨ। ਇਹ ਬਿਮਾਰ ਹੋਣ 'ਤੇ ਵਿਦੇਸ਼ਾਂ ਵਿੱਚ ਇਲਾਜ ਕਰਵਾਉਣ ਜਾਂਦੇ ਹਨ ਅਤੇ ਇਨ੍ਹਾਂ ਦੇ ਬੱਚਿਆਂ ਨੂੰ ਹੀ ਵਿਧਾਇਕੀ ਦੀ ਟਿਕਟ ਵੀ ਮਿਲਦੀ ਹੈ, ਪਰ ਇੱਕ ਆਮ ਆਦਮੀ ਦੇ ਬੱਚਿਆਂ ਦਾ ਕੋਈ ਭਵਿੱਖ ਨਹੀਂ ਹੈ। ਆਮ ਆਦਮੀ ਵੋਟ ਆਪਣੇ ਲਈ ਦਿੰਦਾ ਹੈ, ਨਾ ਕਿ ਇਨ੍ਹਾਂ ਲਈ। ਭਾਜਪਾ ਸਰਕਾਰ ਨੇ ਸਭ ਤੋਂ ਵੱਧ ਅੱਤਿਆਚਾਰ ਆਦਿਵਾਸੀ ਸਮਾਜ ਨਾਲ ਕੀਤੇ ਹਨ। ਇਨ੍ਹਾਂ ਨੇ ਆਦਿਵਾਸੀ ਸਮਾਜ ਦਾ ਜਲ, ਜੰਗਲ ਅਤੇ ਜ਼ਮੀਨ ਖੋਹ ਲਈ। ਪੁਲਿਸ ਅਤੇ ਵਣ ਵਿਭਾਗ ਵਾਲੇ ਵੀ ਪਰੇਸ਼ਾਨ ਕਰਦੇ ਹਨ। ਅੱਜ ਸਭ ਤੋਂ ਵੱਧ ਐਫਆਈਆਰ ਆਦਿਵਾਸੀ ਸਮਾਜ ਦੇ ਲੋਕਾਂ 'ਤੇ ਦਰਜ ਹਨ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 2022 ਤੋਂ ਪਹਿਲਾਂ ਪੰਜਾਬ ਵਿੱਚ ਵੀ ਗੁਜਰਾਤ ਵਰਗਾ ਹੀ ਹਾਲ ਸੀ। ਪੰਜਾਬ ਵਿੱਚ ਕਾਂਗਰਸ, ਭਾਜਪਾ ਅਤੇ ਅਕਾਲੀ ਗਠਜੋੜ ਦੀਆਂ ਦੋ ਹੀ ਪਾਰਟੀਆਂ ਸਨ। ਦੋਵੇਂ ਪਾਰਟੀਆਂ 5-5 ਸਾਲ ਵਾਰੋ-ਵਾਰੀ ਸਰਕਾਰ ਬਣਾਉਂਦੀਆਂ ਸਨ ਅਤੇ ਦੋਵੇਂ ਮਿਲ ਕੇ ਲੁੱਟਦੀਆਂ ਸਨ। ਗੁਜਰਾਤ ਦੀ ਤਰ੍ਹਾਂ ਪੰਜਾਬ ਵਿੱਚ ਵੀ ਕਾਂਗਰਸ-ਭਾਜਪਾ ਦੇ ਸਾਂਝੇ ਧੰਦੇ ਸਨ। ਪੰਜਾਬ ਦੇ ਲੋਕ ਤੰਗ ਆ ਚੁੱਕੇ ਸਨ। ਇਸੇ ਦੌਰਾਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਇੱਕ ਉਮੀਦ ਲੈ ਕੇ ਆਈ। ਪੰਜਾਬ ਦੇ ਲੋਕਾਂ ਨੇ ਤੈਅ ਕੀਤਾ ਕਿ ਪੁਰਾਣੀਆਂ ਪਾਰਟੀਆਂ 'ਤੇ ਝਾੜੂ ਚਲਾ ਕੇ ਉਨ੍ਹਾਂ ਨੂੰ ਉਖਾੜ ਸੁੱਟਣਾ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਜਨਤਾ ਨੇ 117 ਵਿੱਚੋਂ 92 ਸੀਟਾਂ ਆਮ ਆਦਮੀ ਪਾਰਟੀ ਨੂੰ ਦੇ ਕੇ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਨੂੰ ਪੂਰੀ ਤਰ੍ਹਾਂ ਸਾਫ਼ ਕਰ ਦਿੱਤਾ। ਹੁਣ ਗੁਜਰਾਤ ਕੋਲ ਵੀ ਝਾੜੂ ਚਲਾ ਕੇ ਕਾਂਗਰਸ ਅਤੇ ਭਾਜਪਾ ਨੂੰ ਸਾਫ਼ ਕਰਨ ਦਾ ਵਧੀਆ ਮੌਕਾ ਹੈ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਸਾਡੀ ਪਾਰਟੀ ਵੱਡੇ-ਵੱਡੇ ਵਾਅਦੇ ਨਹੀਂ ਕਰਦੀ, ਸਗੋਂ ਗਾਰੰਟੀ ਦਿੰਦੀ ਹੈ। ਬਾਕੀ ਪਾਰਟੀਆਂ ਝੂਠੇ ਵਾਅਦੇ ਕਰਦੀਆਂ ਹਨ। ਅਸੀਂ ਵੱਡੇ-ਵੱਡੇ ਦਾਅਵੇ ਨਹੀਂ ਕਰਾਂਗੇ, ਸਗੋਂ ਪੰਜਾਬ ਵਿੱਚ ਜੋ ਕਰਕੇ ਦਿਖਾਇਆ ਹੈ, ਉਹੀ ਕੰਮ ਗੁਜਰਾਤ ਵਿੱਚ ਵੀ ਕਰਾਂਗੇ। ਪੰਜਾਬ ਵਿੱਚ ਕਿਸਾਨਾਂ ਦੀ ਸਰਕਾਰ ਹੈ ਅਤੇ ਕਿਸਾਨ ਦਾ ਪੁੱਤਰ ਮੁੱਖ ਮੰਤਰੀ ਹੈ। ਭਗਵੰਤ ਮਾਨ ਨੂੰ ਕਿਸਾਨਾਂ ਦਾ ਦਰਦ ਪਤਾ ਹੈ। ਭਗਵੰਤ ਮਾਨ ਨੇ ਪਹਿਲਾ ਕੰਮ ਕਿਸਾਨਾਂ ਨੂੰ ਸੁਖ-ਸਮ੍ਰਿੱਧੀ ਦੇਣ ਲਈ ਉਨ੍ਹਾਂ ਦੀ ਖੇਤੀ ਦੀ ਬਿਜਲੀ ਮੁਫ਼ਤ ਕਰ ਦਿੱਤੀ। ਹੁਣ ਟਿਊਬਵੈੱਲ ਨਾਲ ਖੇਤ ਦੀ ਸਿੰਚਾਈ ਕਰਨ ਲਈ ਕਿਸਾਨਾਂ ਨੂੰ ਦਿਨ ਵੇਲੇ ਬਿਜਲੀ ਮੁਫ਼ਤ ਮਿਲਦੀ ਹੈ, ਬਿੱਲ ਨਹੀਂ ਦੇਣੇ ਪੈਂਦੇ। ਪਰ ਗੁਜਰਾਤ ਵਿੱਚ ਕਿਸਾਨਾਂ ਨੂੰ ਖੇਤ ਦੀ ਸਿੰਚਾਈ ਲਈ ਬਿਜਲੀ ਦੇ ਬਿੱਲ ਦੇਣੇ ਪੈਂਦੇ ਹਨ। ਖੇਤੀ ਦੀ ਬਿਜਲੀ ਮੁਫ਼ਤ ਕਰਨ ਲਈ ਭਾਜਪਾ ਨੂੰ ਹਟਾਓ ਅਤੇ ਝਾੜੂ ਦੀ ਸਰਕਾਰ ਬਣਾਓ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਦੇ ਪੈਸੇ 24 ਘੰਟਿਆਂ ਦੇ ਅੰਦਰ ਮਿਲ ਜਾਂਦੇ ਹਨ, ਪਰ ਗੁਜਰਾਤ ਵਿੱਚ ਕਈ ਮਹੀਨਿਆਂ ਤੱਕ ਪੈਸੇ ਨਹੀਂ ਮਿਲਦੇ। ਪੰਜਾਬ ਸਰਕਾਰ ਮੰਡੀ ਵਿੱਚ ਆਉਣ ਵਾਲੀ ਕਿਸਾਨਾਂ ਦੀ ਸਾਰੀ ਫਸਲ ਖਰੀਦਦੀ ਹੈ। ਪਹਿਲਾਂ ਪੰਜਾਬ ਵਿੱਚ ਸਿਰਫ਼ 20 ਫੀਸਦੀ ਖੇਤਾਂ ਵਿੱਚ ਹੀ ਨਹਿਰੀ ਪਾਣੀ ਨਾਲ ਸਿੰਚਾਈ ਹੁੰਦੀ ਸੀ ਅਤੇ ਅੱਜ 78 ਫੀਸਦੀ ਹੋ ਰਹੀ ਹੈ। ਗੁਜਰਾਤ ਵਿੱਚ 30 ਸਾਲਾਂ ਬਾਅਦ ਵੀ ਭਾਜਪਾ ਸਿੰਚਾਈ ਲਈ ਪਾਣੀ ਨਹੀਂ ਦੇ ਸਕੀ। ਅਗਲੇ 20 ਸਾਲ ਵੀ ਇਹ ਲੋਕ ਪਾਣੀ ਨਹੀਂ ਦੇ ਸਕਣਗੇ, ਕਿਉਂਕਿ ਇਨ੍ਹਾਂ ਦੀ ਨੀਅਤ ਹੀ ਖਰਾਬ ਹੈ। ਜੇ ਕਿਸਾਨ ਖੁਸ਼ ਹਨ ਤਾਂ ਗੁਜਰਾਤ ਵੀ ਖੁਸ਼ ਹੈ। 'ਆਪ' ਸਰਕਾਰ ਨੇ ਦੂਜਾ ਕੰਮ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਦਿੱਤਾ ਹੈ। ਹੁਣ ਪੰਜਾਬ ਵਿੱਚ ਆਮ ਲੋਕਾਂ ਦਾ ਵੀ ਉਨ੍ਹਾਂ ਵੱਡੇ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਹੋਵੇਗਾ, ਜਿੱਥੇ ਮੁੱਖ ਮੰਤਰੀ ਆਪਣਾ ਇਲਾਜ ਕਰਵਾਉਂਦੇ ਹਨ। ਅੱਜ ਗੁਜਰਾਤ ਵਿੱਚ ਸਰਕਾਰੀ ਹਸਪਤਾਲ ਟੁੱਟੇ ਪਏ ਹਨ। ਹਸਪਤਾਲ ਵਿੱਚ ਦਵਾਈ ਨਹੀਂ ਮਿਲਦੀ, ਟੈਸਟ ਨਹੀਂ ਹੁੰਦਾ। ਨਿੱਜੀ ਹਸਪਤਾਲਾਂ ਵਿੱਚ ਲੱਖਾਂ ਰੁਪਏ ਲੱਗਦੇ ਹਨ। ਗੁਜਰਾਤ ਵਿੱਚ ਵੀ 10 ਲੱਖ ਦਾ ਸਿਹਤ ਬੀਮਾ ਮਿਲਣਾ ਚਾਹੀਦਾ ਹੈ, ਪਰ ਇਸ ਦੇ ਲਈ ਭਾਜਪਾ ਨੂੰ ਭਗਾ ਕੇ ਝਾੜੂ ਨੂੰ ਲਿਆਉਣਾ ਪਵੇਗਾ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਭਾਜਪਾ ਅਤੇ ਕਾਂਗਰਸ ਵਾਲੇ 10 ਲੱਖ ਰੁਪਏ ਦੇ ਬੀਮੇ ਦਾ ਵਿਰੋਧ ਕਰ ਰਹੇ ਹਨ। ਇਨ੍ਹਾਂ ਦਾ ਕਹਿਣਾ ਹੈ ਕਿ ਗਰੀਬਾਂ ਲਈ ਸਰਕਾਰੀ ਹਸਪਤਾਲ ਤਾਂ ਹੈਗੇ ਹੀ ਹਨ, ਇਨ੍ਹਾਂ ਨੂੰ ਬੁਰੀ ਆਦਤ ਪੈ ਜਾਵੇਗੀ। ਜਦੋਂ ਸੀ.ਐਮ., ਮੰਤਰੀ ਅਤੇ ਵਿਧਾਇਕ ਦਾ ਇਲਾਜ ਫ੍ਰੀ ਹੁੰਦਾ ਹੈ, ਤਾਂ ਕਿਸਾਨਾਂ ਦਾ ਵੀ ਫ੍ਰੀ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ 'ਆਪ' ਸਰਕਾਰ ਨੇ ਖੇਤੀ ਦੇ ਨਾਲ-ਨਾਲ ਘਰ ਦੀ ਬਿਜਲੀ ਵੀ ਮੁਫ਼ਤ ਕਰ ਦਿੱਤੀ ਹੈ। ਪਹਿਲਾਂ ਛੋਟੇ ਜਿਹੇ ਘਰ ਦਾ ਵੀ ਹਜ਼ਾਰਾਂ ਰੁਪਏ ਬਿੱਲ ਆਉਂਦਾ ਸੀ, ਪਰ ਹੁਣ ਜ਼ੀਰੋ ਬਿੱਲ ਆਉਂਦਾ ਹੈ। ਅੱਜ ਪੂਰੇ ਦੇਸ਼ ਵਿੱਚ ਸਭ ਤੋਂ ਮਹਿੰਗੀ ਬਿਜਲੀ ਗੁਜਰਾਤ ਵਿੱਚ ਹੈ। ਮੁਫ਼ਤ ਬਿਜਲੀ ਦੇਣ ਦਾ ਵੀ ਕਾਂਗਰਸ-ਭਾਜਪਾ ਵਾਲਿਆਂ ਨੇ ਵਿਰੋਧ ਕੀਤਾ। ਇਹ ਕਹਿ ਰਹੇ ਹਨ ਕਿ ਭਗਵੰਤ ਮਾਨ ਸਰਕਾਰ ਗਰੀਬਾਂ 'ਤੇ ਪੈਸੇ ਲੁਟਾ ਰਹੀ ਹੈ, ਮੁਫ਼ਤਖੋਰੀ ਦੀ ਆਦਤ ਪਾ ਰਹੀ ਹੈ। ਜੇਕਰ ਇਨ੍ਹਾਂ ਦੇ ਮੁੱਖ ਮੰਤਰੀ, ਮੰਤਰੀ, ਵਿਧਾਇਕ ਅਤੇ ਐਮ.ਪੀ. ਦੀ ਬਿਜਲੀ ਮੁਫ਼ਤ ਹੈ, ਤਾਂ ਆਮ ਘਰਾਂ ਦੀ ਬਿਜਲੀ ਵੀ ਫ੍ਰੀ ਹੋਣੀ ਚਾਹੀਦੀ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਆਪ' ਸਰਕਾਰ ਨੇ ਕਿਸਾਨਾਂ ਅਤੇ ਘਰਾਂ ਦੀ ਬਿਜਲੀ ਫ੍ਰੀ ਕੀਤੀ, 10 ਲੱਖ ਰੁਪਏ ਦਾ ਸਿਹਤ ਬੀਮਾ ਦਿੱਤਾ ਅਤੇ ਫਿਰ ਔਰਤਾਂ ਨੂੰ 1 ਹਜ਼ਾਰ ਰੁਪਏ ਮਹੀਨਾ ਦਿੱਤਾ। ਗੁਜਰਾਤ ਦੇ ਲੋਕਾਂ ਨੂੰ ਵੀ ਇਹ ਸਭ ਮਿਲ ਸਕਦਾ ਹੈ, ਪਰ ਇਸ ਦੇ ਲਈ ਭਾਜਪਾ ਨੂੰ ਭਜਾਉਣਾ ਪਵੇਗਾ। ਇਨ੍ਹਾਂ ਨੇ ਆਦਿਵਾਸੀ ਸਮਾਜ ਦੇ ਬੱਚਿਆਂ ਨੂੰ ਬਰਬਾਦ ਕਰ ਦਿੱਤਾ। ਉਨ੍ਹਾਂ ਦੇ ਪੜ੍ਹਨ ਲਈ ਕੋਈ ਵੀ ਢੰਗ ਦਾ ਸਰਕਾਰੀ ਸਕੂਲ ਨਹੀਂ ਹੈ। ਸਰਕਾਰੀ ਸਕੂਲਾਂ ਦਾ ਬਹੁਤ ਬੁਰਾ ਹਾਲ ਹੈ। ਦੂਜੇ ਪਾਸੇ, ਅਸੀਂ ਪੰਜਾਬ ਵਿੱਚ ਸਰਕਾਰੀ ਸਕੂਲਾਂ ਨੂੰ ਸ਼ਾਨਦਾਰ ਬਣਾ ਦਿੱਤਾ ਹੈ। ਹੁਣ ਲੋਕ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਹੁਣ ਪੰਜਾਬ ਦੇ ਸਰਕਾਰੀ ਸਕੂਲਾਂ ਦੇ ਬੱਚੇ ਇੰਜੀਨੀਅਰ ਅਤੇ ਡਾਕਟਰ ਬਣ ਰਹੇ ਹਨ। ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ ਭੇਜ ਕੇ ਉਨ੍ਹਾਂ ਦੀ ਟ੍ਰੇਨਿੰਗ ਕਰਵਾਉਂਦੇ ਹਾਂ। ਗੁਜਰਾਤ ਵਿੱਚ 'ਆਪ' ਦੀ ਸਰਕਾਰ ਬਣਾਓ, ਅਸੀਂ ਤੁਹਾਡੇ ਬੱਚਿਆਂ ਦਾ ਭਵਿੱਖ ਬਣਾ ਦਿਆਂਗੇ। ਤੁਹਾਡੇ ਬੱਚਿਆਂ ਨੂੰ ਪੜ੍ਹਾਉਣ ਅਤੇ ਉਨ੍ਹਾਂ ਦਾ ਭਵਿੱਖ ਬਣਾਉਣ ਦੀ ਗੱਲ ਕੇਜਰੀਵਾਲ ਤੋਂ ਇਲਾਵਾ ਕੋਈ ਹੋਰ ਨੇਤਾ ਨਹੀਂ ਕਰ ਸਕਦਾ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਅਸੀਂ ਤਾਂ ਕਈ ਪੀੜ੍ਹੀਆਂ ਤੋਂ ਕਾਂਗਰਸ ਜਾਂ ਭਾਜਪਾ ਨੂੰ ਵੋਟ ਪਾ ਰਹੇ ਹਾਂ। ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ ਕਿ ਇੰਨੇ ਸਾਲਾਂ ਵਿੱਚ ਭਾਜਪਾ ਅਤੇ ਕਾਂਗਰਸ ਨੇ ਕੀ ਦਿੱਤਾ? ਸਿਰਫ਼ ਗਰੀਬਾਂ ਨੂੰ ਆਪਣੀਆਂ ਰੈਲੀਆਂ ਵਿੱਚ ਲੈ ਜਾਂਦੇ ਹਨ, ਗੁੰਡਾਗਰਦੀ ਕਰਦੇ ਹਨ ਅਤੇ ਫਿਰ ਜੇਲ੍ਹ ਭੇਜ ਦਿੰਦੇ ਹਨ। ਭੁਗਤਣਾ ਤਾਂ ਆਮ ਆਦਮੀ ਨੂੰ ਹੀ ਪੈਂਦਾ ਹੈ। ਇਸ ਲਈ ਜਨਤਾ ਨੂੰ ਆਪਣੇ ਬਾਰੇ ਸੋਚਣਾ ਚਾਹੀਦਾ ਹੈ, ਕਿਉਂਕਿ ਭਾਜਪਾ ਜਾਂ ਕਾਂਗਰਸ ਦੇ ਵਿਧਾਇਕ ਦਾ ਬੇਟਾ ਕਦੇ ਜੇਲ੍ਹ ਨਹੀਂ ਜਾਂਦਾ, ਸਗੋਂ ਉਹ ਵਿਦੇਸ਼ਾਂ ਵਿੱਚ ਜਾ ਕੇ ਪੜ੍ਹਦਾ ਹੈ। ਇਸ ਦੇ ਬਾਵਜੂਦ ਹਰ ਵਾਰ ਉਨ੍ਹਾਂ ਨੂੰ ਵੋਟ ਦੇ ਦਿੱਤੀ ਜਾਂਦੀ ਹੈ।

ਇਸ ਵਾਰ ਗੁਜਰਾਤ ਦੀ ਜਨਤਾ ਭਾਜਪਾ-ਕਾਂਗਰਸ ਨੂੰ ਵੋਟ ਨਹੀਂ ਦੇਵੇਗੀ, ਇਸ ਵਾਰ ਉਹ ਆਪਣੇ ਅਤੇ ਆਪਣੇ ਬੱਚਿਆਂ ਬਾਰੇ ਸੋਚੇਗੀ। ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਸਿਰਫ਼ ਆਮ ਆਦਮੀ ਪਾਰਟੀ ਹੀ ਚੰਗਾ ਭਵਿੱਖ ਦੇ ਸਕਦੀ ਹੈ। ਸਿਰਫ਼ 'ਆਪ' ਹੀ ਤੁਹਾਡੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਨੌਕਰੀ ਦੇ ਸਕਦੀ ਹੈ। ਪਿਛਲੇ 4 ਸਾਲਾਂ ਵਿੱਚ ਪੰਜਾਬ ਵਿੱਚ 'ਆਪ' ਦੀ ਸਰਕਾਰ ਨੇ ਬਿਨਾਂ ਕਿਸੇ ਸਿਫਾਰਸ਼ ਦੇ ਹੁਣ ਤੱਕ 65 ਹਜ਼ਾਰ ਬੱਚਿਆਂ ਨੂੰ ਸਰਕਾਰੀ ਨੌਕਰੀ ਦਿੱਤੀ ਹੈ। ਪਿਛਲੇ 4 ਸਾਲਾਂ ਵਿੱਚ ਪੰਜਾਬ ਵਿੱਚ ਇੱਕ ਵੀ ਪੇਪਰ ਲੀਕ ਨਹੀਂ ਹੋਇਆ, ਕਿਉਂਕਿ ਇਹ ਇੱਕ ਇਮਾਨਦਾਰ ਸਰਕਾਰ ਹੈ।



ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਪੰਜਾਬ ਦਾ ਬਜਟ ਘਾਟੇ ਵਿੱਚ ਹੁੰਦਾ ਸੀ। ਸਾਰੀਆਂ ਪਾਰਟੀਆਂ ਕਹਿੰਦੀਆਂ ਸਨ ਕਿ ਸਰਕਾਰ ਕੋਲ ਪੈਸਾ ਨਹੀਂ ਹੈ, ਸਰਕਾਰ ਕੰਗਾਲ ਹੋ ਗਈ ਹੈ, ਪਰ ਅਸੀਂ ਸਾਰਾ ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਖਤਮ ਕਰ ਦਿੱਤੀ। ਇਸ ਨਾਲ ਸਰਕਾਰ ਕੋਲ ਬਹੁਤ ਪੈਸਾ ਆ ਗਿਆ ਅਤੇ ਉਸੇ ਪੈਸੇ ਨਾਲ ਸੜਕਾਂ ਬਣ ਰਹੀਆਂ ਹਨ, ਬਿਜਲੀ ਆ ਰਹੀ ਹੈ ਅਤੇ ਲੋਕਾਂ ਨੂੰ ਸਾਰੀਆਂ ਸਹੂਲਤਾਂ ਮਿਲ ਰਹੀਆਂ ਹਨ। ਹੁਣ ਪੰਜਾਬ ਵਿੱਚ ਪੈਸੇ ਦੀ ਕੋਈ ਕਮੀ ਨਹੀਂ ਹੈ। ਸੀਐਮ ਭਗਵੰਤ ਮਾਨ ਨੇ ਭ੍ਰਿਸ਼ਟਾਚਾਰ ਦਾ ਇਲਜ਼ਾਮ ਲੱਗਣ 'ਤੇ ਆਪਣੀ ਹੀ ਪਾਰਟੀ ਦੇ ਵਿਧਾਇਕ ਨੂੰ ਜੇਲ੍ਹ ਵਿੱਚ ਡਾਲ ਦਿੱਤਾ। ਦੂਜੀਆਂ ਪਾਰਟੀਆਂ ਵਿੱਚ ਅਜਿਹਾ ਨਹੀਂ ਹੁੰਦਾ। ਸਗੋਂ ਜੇ ਮੁੱਖ ਮੰਤਰੀ ਨੂੰ ਪਤਾ ਲੱਗ ਜਾਵੇ ਤਾਂ ਉਹ ਵਿਧਾਇਕ ਤੋਂ ਆਪਣਾ ਹਿੱਸਾ ਮੰਗਦਾ ਹੈ। ਜੇਕਰ ਸਾਡਾ ਕੋਈ ਆਪਣਾ ਵੀ ਭ੍ਰਿਸ਼ਟਾਚਾਰ ਕਰੇਗਾ ਜਾਂ ਜਨਤਾ ਨਾਲ ਧੋਖਾ ਕਰੇਗਾ ਤਾਂ ਉਹ ਸਿੱਧਾ ਜੇਲ੍ਹ ਜਾਵੇਗਾ। ਪੂਰੇ ਦੇਸ਼ ਵਿੱਚ ਇਕੱਲੀ ਆਮ ਆਦਮੀ ਪਾਰਟੀ ਹੀ ਕੱਟੜ ਇਮਾਨਦਾਰ ਪਾਰਟੀ ਹੈ।ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਮੇਰੇ 'ਤੇ ਸ਼ਰਾਬ ਘੁਟਾਲੇ ਦਾ ਇਲਜ਼ਾਮ ਲਗਾਇਆ। ਕਿਹਾ ਕਿ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ 100 ਕਰੋੜ ਰੁਪਏ ਖਾ ਗਏ। ਸਾਡੇ 'ਤੇ ਈਡੀ-ਸੀਬੀਆਈ ਨੇ ਕਈ ਕੇਸ ਕਰ ਦਿੱਤੇ। ਸਾਡੇ ਘਰ ਅਤੇ ਦਫ਼ਤਰ 'ਤੇ ਛਾਪੇ ਮਾਰੇ, ਪਰ ਇਨ੍ਹਾਂ ਨੂੰ ਇੱਕ ਪੈਸਾ ਵੀ ਨਹੀਂ ਮਿਲਿਆ। ਜੇਕਰ 100 ਕਰੋੜ ਖਾ ਗਏ ਸਨ ਤਾਂ ਕਿਤੇ ਤਾਂ ਰੱਖੇ ਹੋਣਗੇ। ਅਜੇ ਕੁਝ ਦਿਨ ਪਹਿਲਾਂ ਅਦਾਲਤ ਦਾ ਹੁਕਮ ਆਇਆ ਹੈ। ਅਦਾਲਤ ਨੇ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਖ਼ਿਲਾਫ਼ ਪੂਰਾ ਮੁਕੱਦਮਾ ਹੀ ਝੂਠਾ ਹੈ। ਅਦਾਲਤ ਨੇ ਕਿਹਾ ਹੈ ਕਿ ਕੇਜਰੀਵਾਲ ਵਰਗਾ ਕੱਟੜ ਇਮਾਨਦਾਰ ਆਦਮੀ ਕੋਈ ਨਹੀਂ ਹੈ। ਆਮ ਆਦਮੀ ਪਾਰਟੀ ਵਰਗੀ ਕੱਟੜ ਇਮਾਨਦਾਰ ਪਾਰਟੀ ਕੋਈ ਨਹੀਂ ਹੈ। ਅਦਾਲਤ ਨੇ ਕਿਹਾ ਹੈ ਕਿ ਭਾਜਪਾ ਝੂਠ ਬੋਲ ਰਹੀ ਹੈ। ਝੂਠੇ ਇਲਜ਼ਾਮ ਲਗਾ ਕੇ ਕੇਜਰੀਵਾਲ ਨੂੰ ਫਸਾਇਆ ਗਿਆ। ਇਨ੍ਹਾਂ ਨੇ ਝੂਠੇ ਇਲਜ਼ਾਮ ਲਗਾ ਕੇ ਦਿੱਲੀ ਦੇ ਮੁੱਖ ਮੰਤਰੀ ਨੂੰ ਛੇ ਮਹੀਨਿਆਂ ਤੱਕ ਜੇਲ੍ਹ ਵਿੱਚ ਰੱਖਿਆ। ਇਨ੍ਹਾਂ ਨੇ ਦਿੱਲੀ ਨੂੰ ਤਹਿਸ-ਨਹਿਸ ਕਰ ਦਿੱਤਾ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗੁਜਰਾਤ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਣ ਵਾਲੀਆਂ ਹਨ। ਇਸ ਚੋਣ ਵਿੱਚ ਭਾਜਪਾ ਅਤੇ ਕਾਂਗਰਸ ਵਾਲੇ ਆਪਣੇ-ਆਪਣੇ ਬੱਚਿਆਂ ਨੂੰ ਟਿਕਟਾਂ ਦੇਣਗੇ। ਪਰ ਆਮ ਆਦਮੀ ਪਾਰਟੀ ਸਿਰਫ਼ ਆਮ ਘਰਾਂ ਦੇ ਬੱਚਿਆਂ ਨੂੰ ਹੀ ਟਿਕਟ ਦੇਵੇਗੀ। ਕਿਸੇ ਨੇਤਾ ਦੇ ਪੁੱਤਰ ਨੂੰ ਟਿਕਟ ਨਹੀਂ ਦਿੱਤੀ ਜਾਵੇਗੀ। ਅਸੀਂ ਜਨਤਾ ਦੀ ਸਰਕਾਰ ਬਣਾਵਾਂਗੇ ਅਤੇ ਜਨਤਾ ਹੀ ਸਰਕਾਰ ਸੰਭਾਲੇਗੀ। ਜੇਕਰ ਜਨਤਾ ਦੀ ਸਰਕਾਰ ਹੋਵੇਗੀ, ਤਾਂ ਉਹ ਜਨਤਾ ਲਈ ਕੰਮ ਕਰੇਗੀ। ਜਨਤਾ ਜ਼ਿਲ੍ਹਾ ਪ੍ਰੀਸ਼ਦ, ਬਲਾਕ ਸਮਿਤੀ, ਨਗਰ ਪਾਲਿਕਾ ਅਤੇ ਮਹਾਨਗਰ ਪਾਲਿਕਾ ਦੀ ਜ਼ਿੰਮੇਵਾਰੀ ਸੰਭਾਲੇ। ਅਸੀਂ ਇੱਕ ਸਾਫ਼-ਸੁਥਰੀ ਸਰਕਾਰ ਬਣਾਉਣੀ ਹੈ। ਜ਼ਿਲ੍ਹਾ ਪ੍ਰੀਸ਼ਦ, ਬਲਾਕ ਸਮਿਤੀ, ਨਗਰ ਪਾਲਿਕਾ ਅਤੇ ਮਹਾਨਗਰ ਪਾਲਿਕਾ ਵਿੱਚੋਂ ਭ੍ਰਿਸ਼ਟਾਚਾਰ ਖ਼ਤਮ ਕਰਾਂਗੇ। ਇੱਕ-ਇੱਕ ਪੈਸਾ ਜਨਤਾ ਲਈ ਵਰਤਿਆ ਜਾਵੇਗਾ। ਇਨ੍ਹਾਂ ਲੋਕਾਂ ਦੀ ਗੁੰਡਾਗਰਦੀ ਖ਼ਤਮ ਕਰਨੀ ਹੈ।

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਭਾਜਪਾ ਦੀ ਸਰਕਾਰ ਆਮ ਆਦਮੀ ਪਾਰਟੀ ਦੇ ਲੋਕਾਂ ਨੂੰ ਰੋਜ਼ਾਨਾ ਗ੍ਰਿਫ਼ਤਾਰ ਕਰ ਰਹੀ ਹੈ। ਇਸ ਦਾ ਮਤਲਬ ਹੈ ਕਿ ਭਾਜਪਾ ਆਮ ਆਦਮੀ ਪਾਰਟੀ ਤੋਂ ਡਰ ਗਈ ਹੈ। ਭਾਜਪਾ ਵਾਲੇ ਕਾਂਗਰਸ ਵਾਲਿਆਂ ਨੂੰ ਗ੍ਰਿਫ਼ਤਾਰ ਨਹੀਂ ਕਰਦੇ, ਕਿਉਂਕਿ ਕਾਂਗਰਸ ਤਾਂ ਭਾਜਪਾ ਨਾਲ ਮਿਲੀ ਹੋਈ ਹੈ। ਬੁੱਧਵਾਰ ਨੂੰ 'ਆਪ' ਦੇ ਪੰਜ ਉਮੀਦਵਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਤੋਂ ਇੱਕ ਦਿਨ ਪਹਿਲਾਂ 4 ਵਰਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ 10 ਵਰਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਲੋਕ ਸਾਡੇ ਜਿੰਨੇ ਮਰਜ਼ੀ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਲੈਣ, ਹੁਣ ਗੁਜਰਾਤ ਦੀ ਜਨਤਾ 'ਆਪ' ਦੇ ਨਾਲ ਖੜ੍ਹੀ ਹੋ ਗਈ ਹੈ। ਹੁਣ ਪੂਰਾ ਗੁਜਰਾਤ ਬਦਲਾਅ ਮੰਗ ਰਿਹਾ ਹੈ।ਇਸ ਦੌਰਾਨ ਪੰਜਾਬ ਦੇ ਸੀਐਮ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿੱਚ ਸਾਡੀ ਸਰਕਾਰ ਬਣੀ ਨੂੰ ਚਾਰ ਸਾਲ ਹੋ ਗਏ ਹਨ। ਅਸੀਂ ਜੋ ਵਾਅਦਾ ਕੀਤਾ ਸੀ, ਉਹ ਸਰਕਾਰ ਦੇ ਚੌਥੇ ਸਾਲ ਵਿੱਚ ਪੂਰਾ ਕਰ ਦਿੱਤਾ ਹੈ।

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com




RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# IN LOVING MEMORY



August 26, 1967 - March 21, 2026

## TEJINDERPAL SINGH BHULLAR

Brother of Professor Devinderpal Singh Bhullar

Funeral Service
Sunday, March 29 at 11am
Chapel of Twin Cities
715 Shasta St. Yuba City, CA 95991

Followed by Paat da Bhog & Antim Ardas at
Sri Guru Nanak Sikh Temple
2269 Bogue Rd. Yuba City, CA 95993

# ਟਰੰਪ ਨੇ ਦੂਜੀ ਵਾਰ ਈਰਾਨੀ ਊਰਜਾ ਠਿਕਾਣਿਆਂ 'ਤੇ ਹਮਲੇ ਟਾਲੇ

ਵਾਸ਼ਿੰਗਟਨ ਸਾਂਝੀ ਸੋਚ ਬਿਊਰੋ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨੀ ਊਰਜਾ ਸਥਾਪਨਾਵਾਂ 'ਤੇ ਹਮਲੇ 10 ਦਿਨਾਂ ਲਈ ਮੁਲਤਵੀ ਕਰ ਦਿੱਤੇ ਹਨ। ਹਮਲੇ ਨਾ ਕਰਨ ਦੀ ਇਹ ਨਵੀਂ ਸਮਾਂ ਸੀਮਾ ਹੁਣ 6 ਅਪ੍ਰੈਲ ਤੱਕ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਫਿਲਹਾਲ ਈਰਾਨ ਦੇ ਊਰਜਾ ਬੁਨਿਆਦੀ ਢਾਂਚਿਆਂ 'ਤੇ ਕਾਰਵਾਈ ਨਹੀਂ ਕਰੇਗਾ ਅਤੇ ਇਹ ਮੋਹਲਤ ਹੁਣ 10 ਦਿਨਾਂ ਲਈ ਵਧਾ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਹ ਫੈਸਲਾ ਦੋਵਾਂ ਦੇਸ਼ਾਂ ਵਿਚਕਾਰ ਚੱਲ ਰਹੀ ਗੱਲਬਾਤ ਨੂੰ ਅੱਗੇ ਵਧਾਉਣ ਲਈ ਲਿਆ ਗਿਆ ਹੈ। ਪਹਿਲਾਂ, ਟਰੰਪ ਨੇ ਈਰਾਨ ਦੇ ਪ੍ਰਮਾਣੂ ਠਿਕਾਣਿਆਂ 'ਤੇ ਹਮਲਾ ਕਰਨ ਦੀਆਂ ਯੋਜਨਾਵਾਂ ਨੂੰ ਮੁਲਤਵੀ ਕਰ ਦਿੱਤਾ ਸੀ, ਜੋ ਹੁਣ ਦੁਬਾਰਾ ਇਨ੍ਹਾਂ ਹਮਲਿਆਂ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।ਪਹਿਲਾਂ, ਟਰੰਪ ਨੇ ਦਾਅਵਾ ਕੀਤਾ ਸੀ ਕਿ ਈਰਾਨ ਨੇ 10 ਤੇਲ ਟੈਂਕਰਾਂ ਨੂੰ ਲੰਘਣ ਦੀ ਇਜਾਜ਼ਤ ਦੇ ਕੇ ਤੋਹਫ਼ਾ ਪੇਸ਼ ਕੀਤਾ ਸੀ। ਇਨ੍ਹਾਂ ਟੈਂਕਰਾਂ 'ਤੇ ਪਾਕਿਸਤਾਨੀ ਝੰਡੇ ਸਨ, ਅਤੇ ਈਰਾਨ ਵਿਸ਼ਵਾਸ ਹਾਸਲ ਕਰਨਾ ਚਾਹੁੰਦਾ ਸੀ। ਉਨ੍ਹਾਂ ਕਿਹਾ ਕਿ ਈਰਾਨ ਨੇ ਵਿਸ਼ਵਾਸ ਦਾ ਪ੍ਰਦਰਸ਼ਨ ਕਰਨ ਲਈ ਅੱਠ ਵੱਡੇ ਤੇਲ ਟੈਂਕਰਾਂ ਨੂੰ ਲੰਘਣ ਦਿੱਤਾ ਅਤੇ ਬਾਅਦ ਵਿੱਚ ਦੋ ਹੋਰ ਭੇਜੇ।ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਬਹੁਤ ਵਧੀਆ ਚੱਲ ਰਹੀ ਹੈ, ਅਤੇ ਇਸਨੂੰ ਮੌਜੂਦਾ ਸਥਿਤੀ ਦੇ ਕੂਟਨੀਤਕ ਹੱਲ ਵੱਲ ਇੱਕ ਮਹੱਤਵਪੂਰਨ ਕਦਮ ਵਜੋਂ ਦੇਖਿਆ ਜਾ ਰਿਹਾ ਹੈ।

# ਨੇਪਾਲ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ ਬਾਲੇਂਦਰ ਸ਼ਾਹ

ਕਾਠਮੰਡੂ ਸਾਂਝੀ ਸੋਚ ਬਿਊਰੋ



ਸ਼ੁੱਕਰਵਾਰ ਨੂੰ ਬਾਲੇਂਦਰ (ਬਾਲੇਨ) ਸ਼ਾਹ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। 35 ਸਾਲ ਦੀ ਉਮਰ ਵਿੱਚ, ਬਾਲੇਨ ਸ਼ਾਹ ਦੇਸ਼ ਦੇ ਸਭ ਤੋਂ ਛੋਟੀ ਉਮਰ ਦੇ ਪ੍ਰਧਾਨ ਮੰਤਰੀ ਬਣ ਗਏ ਹਨ। ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਤੋਂ ਬਾਅਦ, ਉਨ੍ਹਾਂ ਨੇ ਇੱਕ ਰੈਪ ਗੀਤ ਰਾਹੀਂ ਆਪਣਾ ਪਹਿਲਾ ਸੰਦੇਸ਼ ਦਿੱਤਾ, ਜਿਸ ਵਿੱਚ ਉਨ੍ਹਾਂ ਨੇ ਭ੍ਰਿਸ਼ਟਾਚਾਰ, ਪ੍ਰਣਾਲੀਗਤ ਸੁਧਾਰ ਅਤੇ ਨੌਜਵਾਨਾਂ ਦੀ ਭੂਮਿਕਾ ਵਰਗੇ ਮੁੱਦਿਆਂ ਨੂੰ ਸੰਬੋਧਿਤ ਕੀਤਾ।ਬਾਲੇਨ ਦੀ ਪਾਰਟੀ, ਰਾਸ਼ਟਰੀ ਸੁਤੰਤਰਤਾ ਪਾਰਟੀ ਨੇ 5 ਮਾਰਚ ਨੂੰ ਹੋਈਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕੀਤੀ ਸੀ। ਨਵੀਂ ਸਰਕਾਰ ਲਈ ਮੰਤਰੀ ਮੰਡਲ ਦਾ ਗਠਨ ਵੀ ਸ਼ੁਰੂ ਹੋ ਗਿਆ ਹੈ। ਸੁਧਾਨ ਗੁਰੂੰਗ ਨੂੰ ਗ੍ਰਹਿ ਮੰਤਰੀ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦੌਰਾਨ, ਸ਼ਿਸ਼ਿਰ ਖਨਾਲ ਨੂੰ ਵਿਦੇਸ਼ ਮੰਤਰੀ ਦਾ ਕਾਰਜਭਾਰ ਸੌਂਪਿਆ ਗਿਆ ਹੈ, ਅਤੇ ਉਹ ਨੇਪਾਲ ਦੀ ਕੂਟਨੀਤੀ ਅਤੇ ਅੰਤਰਰਾਸ਼ਟਰੀ ਸਬੰਧਾਂ ਦੀ ਨਿਗਰਾਨੀ ਕਰਨਗੇ।

# ਅਸੀਂ ਭਾਰਤੀ ਬੱਚਿਆਂ ਵੱਲੋਂ ਗੱਲ੍ਹੇ ਦਾਨ ਦੇ ਯੋਗਦਾਨ ਨੂੰ ਕਦੇ ਨਹੀਂ ਭੁੱਲਾਂਗੇ: ਇਹ ਇੱਕ ਪਿਆਰ ਭਰਿਆ ਤੋਹਫ਼ਾ- ਈਰਾਨ

ਤਹਿਰਾਨ ਸਾਂਝੀ ਸੋਚ ਬਿਊਰੋ



ਈਰਾਨ ਨੇ ਭਾਰਤੀ ਬੱਚਿਆਂ ਦੁਆਰਾ ਗੱਲ੍ਹੇ ਦਾਨ ਕਰਨ 'ਤੇ ਭਾਵਨਾਤਮਕ ਪ੍ਰਤੀਕਿਰਿਆ ਦਿੱਤੀ ਹੈ। ਭਾਰਤ ਵਿੱਚ ਈਰਾਨੀ ਦੂਤਾਵਾਸ ਨੇ ਕਿਹਾ ਕਿ ਉਹ ਇਸ ਦਿਆਲਤਾ ਨੂੰ ਕਦੇ ਨਹੀਂ ਭੁੱਲਣਗੇ। ਦੂਤਾਵਾਸ ਨੇ ਕਿਹਾ ਕਿ ਭਾਰਤੀ ਬੱਚਿਆਂ ਦੁਆਰਾ ਗੱਲ੍ਹਿਆਂ ਦਾ ਦਾਨ ਇੱਕ "ਪਿਆਰ ਭਰਿਆ ਤੋਹਫ਼ਾ" ਹੈ ਜੋ ਕਦੇ ਨਹੀਂ ਭੁੱਲਿਆ ਜਾਵੇਗਾ। ਦੂਤਾਵਾਸ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਇਨ੍ਹਾਂ ਛੋਟੇ ਬੱਚਿਆਂ ਦੁਆਰਾ ਆਪਣੇ ਹੱਥਾਂ ਨਾਲ ਕੀਤੀ ਗਈ ਮਦਦ ਬਹੁਤ ਖਾਸ ਹੈ ਅਤੇ ਦੋਵਾਂ ਦੇਸ਼ਾਂ ਦੇ ਸਬੰਧਾਂ ਦੀ ਡੂੰਘਾਈ ਨੂੰ ਦਰਸਾਉਂਦੀ ਹੈ।ਰਿਪੋਰਟਾਂ ਦੇ ਅਨੁਸਾਰ, ਜੰਮੂ ਅਤੇ ਕਸ਼ਮੀਰ ਸਮੇਤ ਕਈ ਥਾਵਾਂ 'ਤੇ ਬੱਚਿਆਂ ਨੇ ਆਪਣੇ ਗੱਲ੍ਹੇ ਤੋੜ ਕੇ ਈਰਾਨ ਨੂੰ ਮਦਦ ਲਈ ਪੈਸੇ ਦਾਨ ਕੀਤੇ। ਈਰਾਨੀ ਦੂਤਾਵਾਸ ਨੇ ਕਿਹਾ ਕਿ ਇਹ ਦਿਆਲਤਾ ਅਤੇ ਸਮਰਥਨ ਉਨ੍ਹਾਂ ਲਈ ਬਹੁਤ ਮਾਇਨੇ ਰੱਖਦਾ ਹੈ ਅਤੇ ਹਮੇਸ਼ਾ ਯਾਦ ਰੱਖਿਆ ਜਾਵੇਗਾ। ਇਸ ਦੌਰਾਨ, ਈਰਾਨ ਨੇ ਇਜ਼ਰਾਈਲ 'ਤੇ ਦਾਗੀਆਂ ਗਈਆਂ ਮਿਜ਼ਾਈਲਾਂ 'ਤੇ "ਧੰਨਵਾਦ ਭਾਰਤ" ਲਿਖ ਕੇ ਆਪਣਾ ਧੰਨਵਾਦ ਪ੍ਰਗਟ ਕੀਤਾ। ਈਰਾਨੀ ਫੌਜ ਦੇ ਅਨੁਸਾਰ, ਇਹ ਸੰਦੇਸ਼ ਉਨ੍ਹਾਂ ਦੇਸ਼ਾਂ ਲਈ ਸੀ ਜਿਨ੍ਹਾਂ ਨੇ ਈਰਾਨ ਲਈ ਸਮਰਥਨ ਦਿਖਾਇਆ ਹੈ।

# ਭਾਰਤ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਲਈ ਸਬੰਧਤ ਦੇਸ਼ਾਂ ਦੇ ਸੰਪਰਕ ਵਿੱਚ : ਵਿਦੇਸ਼ ਮੰਤਰਾਲਾ

ਨਵੀਂ ਦਿੱਲੀ ਸਾਂਝੀ ਸੋਚ ਬਿਊਰੋ



ਵਿਦੇਸ਼ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਐਲਪੀਜੀ ਨਾਲ ਭਰੇ ਚਾਰ ਜਹਾਜ਼ ਹੋਰਮੁਜ਼ ਜਲਡਮਰੂ ਪਾਰ ਕਰਨ ਤੋਂ ਬਾਅਦ ਭਾਰਤ ਪਹੁੰਚ ਗਏ ਹਨ ਅਤੇ ਭਰੋਸਾ ਦਿੱਤਾ ਕਿ ਨਵੀਂ ਦਿੱਲੀ ਆਪਣੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਲਈ ਸਬੰਧਤ ਦੇਸ਼ਾਂ ਦੇ ਸੰਪਰਕ ਵਿੱਚ ਹੈ।ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਇੱਕ ਹਫਤਾਵਾਰੀ ਮੀਡੀਆ ਬ੍ਰੀਫਿੰਗ ਨੂੰ ਸੰਬੋਧਨ ਕਰਦੇ ਹੋਏ,ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਭਾਰਤ ਦਾ ਆਪਣੀਆਂ ਊਰਜਾ ਜ਼ਰੂਰਤਾਂ ਨੂੰ ਪ੍ਰਾਪਤ ਕਰਨ ਦਾ ਦ੍ਰਿਸ਼ਟੀਕੋਣ 1.4 ਅਰਬ ਲੋਕਾਂ ਦੀਆਂ ਜ਼ਰੂਰਤਾਂ ਨੂੰ ਸੁਰੱਖਿਅਤ ਕਰਨ ਦੀ ਜ਼ਰੂਰਤ, ਬਾਜ਼ਾਰ ਦੀ ਗਤੀਸ਼ੀਲਤਾ ਅਤੇ ਵਿਸ਼ਵਵਿਆਪੀ ਸਥਿਤੀ 'ਤੇ ਅਧਾਰਤ ਹੈ।ਜਦੋਂ ਉਨ੍ਹਾਂ ਨੂੰ ਹੋਰਮੁਜ਼ ਜਲਡਮਰੂ ਤੋਂ ਭਾਰਤ ਆਉਣ ਵਾਲੇ ਜਹਾਜ਼ਾਂ ਦੀ ਗਿਣਤੀ ਬਾਰੇ ਪੁੱਛਿਆ ਗਿਆ, ਤਾਂ ਜੈਸਵਾਲ ਨੇ ਕਿਹਾ, "ਅਸੀਂ ਤੁਹਾਨੂੰ ਉਨ੍ਹਾਂ ਭਾਰਤੀ ਜਹਾਜ਼ਾਂ ਬਾਰੇ ਜਾਣਕਾਰੀ ਦਿੱਤੀ ਹੈ ਜੋ ਹੁਣ ਤੱਕ ਹੋਰਮੁਜ਼ ਜਲਡਮਰੂ ਨੂੰ ਪਾਰ ਕਰ ਚੁੱਕੇ ਹਨ। ਸਾਡੇ ਕੋਲ ਚਾਰ ਜਹਾਜ਼ ਸਨ, ਜਿਨ੍ਹਾਂ ਵਿੱਚ ਐਲਪੀਜੀ ਭਰੀ ਹੋਈ ਸੀ। ਉਹ ਭਾਰਤ ਪਹੁੰਚੇ ਹਨ। ਉਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ ਹੋਰਮੁਜ਼ ਜਲਡਮਰੂ ਨੂੰ ਸੁਰੱਖਿਅਤ ਢੰਗ ਨਾਲ ਪਾਰ ਕੀਤਾ। ਅਸੀਂ ਆਪਣੀਆਂ ਊਰਜਾ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਜਹਾਜ਼ਾਂ ਦੇ ਸੁਰੱਖਿਅਤ ਆਵਾਜਾਈ ਲਈ ਸਾਰੇ ਸਬੰਧਤ ਦੇਸ਼ਾਂ ਦੇ ਸੰਪਰਕ ਵਿੱਚ ਹਾਂ।"ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਨੇ ਖੇਤਰੀ ਸਥਿਰਤਾ ਅਤੇ ਵਿਸ਼ਵ ਊਰਜਾ ਬਾਜ਼ਾਰਾਂ 'ਤੇ ਚਿੰਤਾਵਾਂ ਵਧਾ ਦਿੱਤੀਆਂ ਹਨ, ਖਾਸ ਕਰਕੇ ਇੱਕ ਮੁੱਖ ਤੇਲ ਆਵਾਜਾਈ ਰਸਤਾ, ਹੋਰਮੁਜ਼ ਜਲਡਮਰੂ ਦੀ ਰਣਨੀਤਕ ਮਹੱਤਤਾ ਦੇ ਕਾਰਨ।ਸਰਕਾਰ ਦੇ ਅਨੁਸਾਰ, ਪੈਟਰੋਲੀਅਮ ਅਤੇ ਐਲਪੀਜੀ ਸਪਲਾਈ ਸਥਿਤੀ ਨਿਯੰਤਰਣ ਵਿੱਚ ਹੈ ਅਤੇ ਦੇਸ਼ ਵਿੱਚ ਕਿਤੇ ਵੀ ਪੈਟਰੋਲ, ਡੀਜ਼ਲ ਜਾਂ ਐਲਪੀਜੀ ਦੀ ਕੋਈ ਕਮੀ ਨਹੀਂ ਹੈ, ਜਦੋਂ ਕਿ ਪ੍ਰਚੂਨ ਦੁਕਾਨਾਂ ਕੋਲ ਕਾਫ਼ੀ ਸਟਾਕ ਹਨ ਅਤੇ ਬਿਨਾਂ ਕਿਸੇ ਰੁਕਾਵਟ ਦੇ ਬਾਲਣ ਵੰਡ ਰਹੇ ਹਨ।ਪੈਟਰੋਲੀਅਮ ਮੰਤਰਾਲੇ ਦੇ ਅਨੁਸਾਰ, ਦੁਨੀਆ ਦੇ ਚੌਥੇ ਸਭ ਤੋਂ ਵੱਡੇ ਰਿਫਾਈਨਰ ਅਤੇ ਪੈਟਰੋਲੀਅਮ ਉਤਪਾਦਾਂ ਦੇ ਪੰਜਵੇਂ ਸਭ ਤੋਂ ਵੱਡੇ ਨਿਰਯਾਤਕ ਹੋਣ ਦੇ ਨਾਤੇ, ਭਾਰਤ ਦੀ ਘਰੇਲੂ ਉਪਲਬਧਤਾ ਢਾਂਚਾਗਤ ਤੌਰ 'ਤੇ ਯਕੀਨੀ ਹੈ।ਪੈਟਰੋਲੀਅਮ ਮੰਤਰਾਲੇ ਦੇ ਅਨੁਸਾਰ, ਅਗਲੇ 60 ਦਿਨਾਂ ਲਈ ਕੱਚੇ ਤੇਲ ਦੀ ਖਰੀਦ ਪਹਿਲਾਂ ਹੀ ਸੁਰੱਖਿਅਤ ਕਰ ਲਈ ਗਈ ਹੈ।

# ਪ੍ਰਧਾਨ ਮੰਤਰੀ ਮੋਦੀ ਅੱਜ ਕਰਨਗੇ ਅੰਤਰਰਾਸ਼ਟਰੀ ਏਅਰਪੋਰਟ ਦਾ ਉਦਘਾਟਨ, 24 ਸਾਲਾਂ ਦੀ ਉਡੀਕ ਖਤਮ

ਨੋਇਡਾ ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ (ਜੇਵਰ ਏਅਰਪੋਰਟ) ਦੇ ਪਹਿਲੇ ਪੜਾਅ ਦਾ ਉਦਘਾਟਨ ਕਰਨਗੇ। ਲਗਭਗ 11,200 ਕਰੋੜ ਦੀ ਲਾਗਤ ਨਾਲ ਬਣਿਆ ਇਹ ਹਵਾਈ ਅੱਡਾ ਉੱਤਰ ਪ੍ਰਦੇਸ਼ ਵਿੱਚ ਸੰਪਰਕ, ਵਪਾਰ ਅਤੇ ਆਰਥਿਕ ਵਿਕਾਸ ਨੂੰ ਵਧਾਏਗਾ। ਇਹ ਦਿੱਲੀ-ਐਨਸੀਆਰ ਲਈ ਦੂਜਾ ਅੰਤਰਰਾਸ਼ਟਰੀ ਗੇਟਵੇ ਹੈ ਅਤੇ ਭਾਰਤ ਦੇ ਹਵਾਬਾਜ਼ੀ ਖੇਤਰ ਨੂੰ ਸਵੈ-ਨਿਰਭਰ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਹਵਾਈ ਅੱਡਾ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਕਰੇਗਾ।

ਪ੍ਰਧਾਨ ਮੰਤਰੀ ਸ਼ਨੀਵਾਰ ਸਵੇਰੇ ਲਗਭਗ 11:30 ਵਜੇ ਹਵਾਈ ਅੱਡੇ ਦੇ ਟਰਮੀਨਲ ਇਮਾਰਤ ਦਾ ਨਿਰੀਖਣ ਕਰਨਗੇ। ਇਸ ਤੋਂ ਬਾਅਦ, ਦੁਪਹਿਰ 12 ਵਜੇ, ਉਹ ਨੋਇਡਾ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਪਹਿਲੇ ਪੜਾਅ ਦਾ ਉਦਘਾਟਨ ਕਰਨਗੇ। ਉਹ ਇਸ ਮੌਕੇ ਇੱਕ ਜਨਤਕ ਇਕੱਠ ਨੂੰ ਵੀ ਸੰਬੋਧਨ ਕਰਨਗੇ।

ਨੋਇਡਾ ਹਵਾਈ ਅੱਡੇ ਦੇ ਉਦਘਾਟਨ ਸਮਾਰੋਹ ਲਈ ਲਗਭਗ 7,000 ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਹਰ ਪਲ ਦੀ ਨਿਗਰਾਨੀ ਲਈ 300 ਤੋਂ ਵੱਧ ਸੀਸੀਟੀਵੀ ਕੈਮਰੇ ਵੀ ਲਗਾਏ ਗਏ ਹਨ। ਸਮਾਰੋਹ ਦੌਰਾਨ ਨੋਇਡਾ ਐਕਸਪ੍ਰੈਸਵੇਅ ਅਤੇ ਯਮੁਨਾ ਐਕਸਪ੍ਰੈਸਵੇਅ 'ਤੇ ਕਾਰਗੋ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਲਗਾਈ ਗਈ ਹੈ।ਯਮੁਨਾ ਐਕਸਪ੍ਰੈਸਵੇਅ ਦੇ ਨਾਲ ਬਣੇ ਇਸ ਹਵਾਈ ਅੱਡੇ ਨੂੰ ਦਿੱਲੀ-ਐਨਸੀਆਰ ਲਈ ਦੂਜੇ ਅੰਤਰਰਾਸ਼ਟਰੀ ਗੇਟਵੇ ਵਜੋਂ ਵਿਕਸਤ ਕੀਤਾ ਗਿਆ ਹੈ। ਸਾਬਕਾ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਇਸ ਖੇਤਰ ਦੇ ਮੁੱਖ ਹਵਾਈ ਆਵਾਜਾਈ ਨੂੰ ਸੰਭਾਲਿਆ ਸੀ।ਪੜਾਅ 1 ਦੀ ਕੁੱਲ ਲਾਗਤ ਲਗਭਗ 11,282 ਕਰੋੜ ਹੈ, ਜਿਸਦੀ ਸ਼ੁਰੂਆਤੀ ਸਾਲਾਨਾ ਸਮਰੱਥਾ 12 ਮਿਲੀਅਨ ਯਾਤਰੀਆਂ ਦੀ ਹੈ। ਭਵਿੱਖ ਵਿੱਚ, ਇਸ ਸਮਰੱਥਾ ਨੂੰ ਵਧਾ ਕੇ 70 ਮਿਲੀਅਨ ਯਾਤਰੀਆਂ ਤੱਕ ਪਹੁੰਚਾਉਣ ਦੀ ਉਮੀਦ ਹੈ। ਹਵਾਈ ਅੱਡਾ ਇੱਕ ਮਲਟੀ-ਮਾਡਲ ਟ੍ਰਾਂਸਪੋਰਟ ਹੱਬ ਵਜੋਂ ਕੰਮ ਕਰੇਗਾ, ਜੋ ਸੜਕ, ਰੇਲ, ਮੈਟਰੋ ਅਤੇ ਖੇਤਰੀ ਆਵਾਜਾਈ ਪ੍ਰਣਾਲੀਆਂ ਨੂੰ ਜੋੜਦਾ ਹੈ। ਇਸ ਨਾਲ ਯਾਤਰਾ ਦਾ ਸਮਾਂ ਅਤੇ ਲੌਜਿਸਟਿਕਸ ਲਾਗਤਾਂ ਵਿੱਚ ਕਮੀ ਆਉਣ ਦੀ ਉਮੀਦ ਹੈ।

# ਇਜ਼ਰਾਈਲ ਨੇ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਕੀਤਾ ਹਮਲਾ ਯੂਰੇਨੀਅਮ ਪਲਾਂਟ ਨੂੰ ਨਿਸ਼ਾਨਾ ਬਣਾਇਆ

ਤਹਿਰਾਨ ਸਾਂਝੀ ਸੋਚ ਬਿਊਰੋ

ਇਜ਼ਰਾਈਲ ਨੇ ਸ਼ੁੱਕਰਵਾਰ ਨੂੰ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕੀਤਾ, ਯਜ਼ਦ ਵਿੱਚ ਇੱਕ ਯੂਰੇਨੀਅਮ ਪ੍ਰੋਸੈਸਿੰਗ ਪਲਾਂਟ ਨੂੰ ਨਿਸ਼ਾਨਾ ਬਣਾਇਆ।

ਇਜ਼ਰਾਈਲੀ ਫੌਜ ਦੇ ਅਨੁਸਾਰ, ਹਮਲੇ ਨੇ ਉਸ ਸਥਾਨ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿੱਥੇ ਯੂਰੇਨੀਅਮ ਸੰਸ਼ੋਧਨ ਲਈ ਜ਼ਰੂਰੀ ਪ੍ਰੋਸੈਸਿੰਗ ਹੁੰਦੀ ਹੈ। ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਚੇਤਾਵਨੀ ਦਿੱਤੀ ਕਿ ਇਜ਼ਰਾਈਲ ਨੂੰ ਇਨ੍ਹਾਂ ਹਮਲਿਆਂ ਦੀ ਭਾਰੀ ਕੀਮਤ ਚੁਕਾਉਣੀ ਪਵੇਗੀ।

ਉਨ੍ਹਾਂ ਕਿਹਾ ਕਿ ਖੋਂਦਾਬ ਹੈਵੀ ਵਾਟਰ ਫੈਸਿਲਿਟੀ ਅਤੇ ਅਰਦਾਕਨ ਯੈਲੋਕੇਕ ਪ੍ਰੋਡਕਸ਼ਨ ਪਲਾਂਟ, ਦੋਵੇਂ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਲਈ ਮਹੱਤਵਪੂਰਨ ਹਨ, 'ਤੇ ਵੀ ਹਮਲਾ ਕੀਤਾ ਗਿਆ।

ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਨੇ ਕਿਹਾ ਕਿ ਹਮਲੇ ਤੋਂ ਬਾਅਦ ਆਲੇ ਦੁਆਲੇ ਦੇ ਖੇਤਰਾਂ ਵਿੱਚ ਰੇਡੀਏਸ਼ਨ ਦੇ ਪੱਧਰ ਵਿੱਚ ਕੋਈ ਵਾਧਾ ਨਹੀਂ ਹੋਇਆ। ਏਜੰਸੀ ਨੇ ਕਿਹਾ ਕਿ ਉਹ ਘਟਨਾ ਦੀ ਜਾਂਚ ਕਰ ਰਹੀ ਹੈ ਅਤੇ ਸਥਿਤੀ ਦੀ ਨੇੜਿਓਂ ਨਿਗਰਾਨੀ ਕਰ ਰਹੀ ਹੈ।

ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ ਦੇ ਡਾਇਰੈਕਟਰ ਜਨਰਲ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ, ਕਿਹਾ ਕਿ ਕੋਈ ਵੀ ਫੌਜੀ ਕਾਰਵਾਈ ਪ੍ਰਮਾਣੂ ਹਾਦਸੇ ਦੇ ਜੋਖਮ ਨੂੰ ਵਧਾ ਸਕਦੀ ਹੈ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

# S. Singh Cell: (510) 766-9382

## 2955 N. Wilson Way Stockton , CA 95205

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH » gillsontrucking | company/gillsontrucking | www.teamgillson.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107

# ਹੋਲੋਗ੍ਰਾਮ ਤਕਨੀਕ ਕੀ ਹੈ ਤੇ ਇਹ ਕਿਵੇਂ ਕੰਮ ਕਰਦੀ ਹੈ?



ਮਨਜੀਤ ਮਾਨ
ਸਾਹਨੇਵਾਲੀ (ਮਾਨਸਾ)
ਮੋਬਾਈਲ 7009898044

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਟੀਮ ਵੱਲੋਂ ਪਿਛਲੇ ਦਿਨੀਂ ਸਿੱਧੂ ਦੇ ਪ੍ਰਸ਼ੰਸਕਾਂ ਲਈ 'ਹੋਲੋਗ੍ਰਾਮ ਵਰਲਡ ਟੂਰ' ਦਾ ਐਲਾਨ ਇੱਕ ਬਹੁਤ ਹੀ ਭਾਵੁਕ ਅਤੇ ਇਤਿਹਾਸਕ ਖ਼ਬਰ ਹੈ। ਸਿੱਧੂ ਮੂਸੇਵਾਲਾ ਭਾਰਤ ਦੇ ਪਹਿਲੇ ਅਜਿਹੇ ਕਲਾਕਾਰ ਬਣਨ ਜਾ ਰਹੇ ਹਨ, ਜਿਨ੍ਹਾਂ ਦਾ ਦਿਹਾਂਤ ਤੋਂ ਬਾਅਦ ਇਸ ਪੱਧਰ 'ਤੇ ਹੋਲੋਗ੍ਰਾਮ ਰਾਹੀਂ ਵਰਲਡ ਟੂਰ ਕਰਵਾਇਆ ਜਾ ਰਿਹਾ ਹੈ। ਇਸ ਵਰਲਡ ਟੂਰ ਦਾ ਨਾਮ "ਸ਼ਿਗਨਏਦ ਟੋ ਘੋਦ ੋਰਲਦ ਠੋਰ 2026" ਰੱਖਿਆ ਗਿਆ ਹੈ। ਇਸ ਦੀ ਟੈਗਲਾਈਨ "ਹਾਲੇ ਮੁੱਕਿਆ ਨਹੀਂ" ਪ੍ਰਸ਼ੰਸਕਾਂ ਵਿੱਚ ਬਹੁਤ ਮਸ਼ਹੂਰ ਹੋ ਰਹੀ ਹੈ, ਜੋ ਇਹ ਦਰਸਾਉਂਦੀ ਹੈ ਕਿ ਸਿੱਧੂ ਦੀ ਵਿਰਾਸਤ ਅਜੇ ਵੀ ਜਿਉਂਦੀ ਹੈ।

ਇਸ ਸ਼ੋਅ ਵਿੱਚ ਉੱਨਤ 3ਧ ਹੋਲੋਗ੍ਰਾਮ ਤਕਨੀਕ ਦੀ ਵਰਤੋਂ ਕੀਤੀ ਜਾਵੇਗੀ। ਜਿਸ ਰਾਹੀਂ ਸਟੇਜ 'ਤੇ ਸਿੱਧੂ ਮੂਸੇਵਾਲਾ ਦਾ ਇੱਕ ਜਿਉਂਦਾ-ਜਾਗਦਾ ਤਿੰਨ-ਪਾਸਾਰੀ (3ਡੀ) ਚਿੱਤਰ ਦਿਖਾਈ ਦੇਵੇਗਾ, ਜੋ ਉਨ੍ਹਾਂ ਦੀ ਅਸਲ ਆਵਾਜ਼ ਅਤੇ ਅੰਦਾਜ਼ ਵਿੱਚ ਪਰਫਾਰਮ ਕਰੇਗਾ। ਮੀਡੀਆ ਦੀਆਂ ਰਿਪੋਰਟਾਂ ਅਨੁਸਾਰ, ਇਸ ਪ੍ਰੋਜੈਕਟ ਲਈ ਇਟਲੀ ਅਤੇ ਹੋਰ ਦੇਸ਼ਾਂ ਦੇ ਮਾਹਿਰਾਂ ਦੀ ਮਦਦ ਲਈ ਜਾ ਰਹੀ ਹੈ ਤਾਂ ਜੋ ਸਿੱਧੂ ਦੇ ਹਾਵ-ਭਾਵ ਅਤੇ ਸਟੇਜ ਦੀ ਮੌਜੂਦਗੀ ਨੂੰ ਬਿਲਕੁਲ ਅਸਲੀ ਰੂਪ ਦਿੱਤਾ ਜਾ ਸਕੇ। ਇਸ ਵਰਲਡ ਟੂਰ ਮੁੱਖ ਤੌਰ ਤੇ ਭਾਰਤ ਸਮੇਤ, ਕੈਨੇਡਾ,ਅਮਰੀਕਾ, ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਸੰਯੁਕਤ ਅਰਬ ਅਮੀਰਾਤ ਤੇ ਪਾਕਿਸਤਾਨ ਹੋਣ ਦੀ ਉਮੀਦ ਹੈ। ਸਿੱਧੂ ਨੇ ਜਿਉਂਦੇ ਜੀਅ ਪਾਕਿਸਤਾਨ ਵਿੱਚ ਸ਼ੋਅ ਕਰਨ ਦਾ ਵਾਅਦਾ ਕੀਤਾ ਸੀ, ਜਿਸ ਨੂੰ ਹੁਣ ਇਸ ਤਕਨੀਕ ਰਾਹੀਂ ਪੂਰਾ ਕੀਤਾ ਜਾਵੇਗਾ। ਪੱਛਮੀ ਦੇਸ਼ਾਂ ਵਿੱਚ ਮਾਈਕਲ ਜੈਕਸਨ ਅਤੇ ਟੂਪੈਕ ਸ਼ਕੂਰ ਵਰਗੇ ਦਿੱਗਜ ਕਲਾਕਾਰਾਂ ਦੇ ਮੌਤ ਤੋਂ ਬਾਅਦ ਉਹਨਾਂ ਦੇ ਹੋਲੋਗ੍ਰਾਮ ਸ਼ੋਅ ਪਹਿਲਾਂ ਹੋ ਚੁੱਕੇ ਹਨ, ਪਰ ਪੰਜਾਬੀ ਅਤੇ ਭਾਰਤੀ ਸੰਗੀਤ ਜਗਤ ਲਈ ਇਹ ਪਹਿਲਾ ਅਤੇ ਬਹੁਤ ਵੱਡਾ ਕਦਮ ਹੈ। ਹਾਲ ਹੀ ਵਿੱਚ ਜਾਰੀ ਕੀਤੇ ਗਏ ਇਸ ਸ਼ੋਅ ਦੇ 42 ਸੈਕਿੰਡ ਦੇ ਟੀਜ਼ਰ ਨੇ ਇੰਟਰਨੈੱਟ 'ਤੇ ਤਹਿਲਕਾ ਮਚਾ ਦਿੱਤਾ ਹੈ। ਇਸ ਵਿੱਚ ਸਿੱਧੂ ਨੂੰ ਅੱਖਾਂ ਖੋਲ੍ਹਦੇ ਹੋਏ ਅਤੇ ਸਟੇਜ ਵੱਲ ਵਧਦੇ ਹੋਏ ਦਿਖਾਇਆ ਗਿਆ ਹੈ, ਜਿਸ ਨੇ ਲੱਖਾਂ ਲੋਕਾਂ ਨੂੰ ਭਾਵੁਕ ਕਰ ਦਿੱਤਾ ਹੈ। ਇਸ ਹੋਲੋਗ੍ਰਾਮ ਵਰਲਡ ਟੂਰ ਨੇ ਜਿੱਥੇ ਸਿੱਧੂ ਮੂਸੇ ਵਾਲਾ ਦੇ ਪ੍ਰਸ਼ੰਸਕਾਂ ਵਿੱਚ ਉਤਸੁਕਤਾ ਵਧਾਈ ਹੈ ਉੱਥੇ ਹੀ ਉਨ੍ਹਾਂ ਦੇ ਦਿਲਾਂ ਵਿੱਚ ਇਹ ਜਾਨਣ ਦੀ ਇੱਛਾ ਵਧਾਈ ਹੈ ਕਿ ਇਹ ਹੋਲੋਗ੍ਰਾਮ ਤਕਨੀਕ ਕੀ ਹੈ ਤੇ ਇਹ ਕਿਵੇਂ ਕੰਮ ਕਰਦੀ ਹੈ?

ਹੋਲੋਗ੍ਰਾਫੀ ਇੱਕ ਬਹੁਤ ਹੀ ਦਿਲਚਸਪ ਅਤੇ ਉੱਨਤ ਤਕਨੀਕ ਹੈ ਜੋ ਪ੍ਰਕਾਸ਼ ਦੀ ਵਰਤੋਂ ਕਰਕੇ ਕਿਸੇ ਵਸਤੂ ਦਾ ਤਿੰਨ-ਪਾਸਾਰੀ (3ਡੀ) ਚਿੱਤਰ ਬਣਾਉਂਦੀ ਹੈ। ਜਿੱਥੇ ਆਮ ਫੋਟੋਗ੍ਰਾਫੀ ਸਿਰਫ ਇੱਕ ਪਾਸੇ ਦਾ (2ਡੀ) ਦ੍ਰਿਸ਼ ਦਿਖਾਉਂਦੀ ਹੈ, ਉੱਥੇ ਹੋਲੋਗ੍ਰਾਮ ਤੁਹਾਨੂੰ ਵਸਤੂ ਦੇ ਆਲੇ-ਦੁਆਲੇ ਦੇਖਣ ਦਾ ਅਹਿਸਾਸ ਕਰਵਾਉਂਦਾ ਹੈ।

"ਹੋਲੋਗ੍ਰਾਮ" ਸ਼ਬਦ ਯੂਨਾਨੀ ਸ਼ਬਦਾਂ 'ੋਲੋ' (ਪੂਰਾ) ਅਤੇ 'ਘਰਓਮ' (ਸੁਨੇਹਾ/ਲਿਖਤ) ਤੋਂ ਬਣਿਆ ਹੈ। ਇਸਦਾ ਮਤਲਬ ਹੈ "ਪੂਰੀ ਤਸਵੀਰ"। ਇਹ ਇੱਕ ਅਜਿਹੀ ਤਸਵੀਰ ਹੁੰਦੀ ਹੈ ਜੋ ਹਵਾ ਵਿੱਚ ਤੈਰਦੀ ਹੋਈ ਪ੍ਰਤੀਤ ਹੁੰਦੀ ਹੈ ਅਤੇ ਇਸਨੂੰ ਦੇਖਣ ਲਈ ਕਿਸੇ ਖਾਸ ਚਸ਼ਮੇ ਦੀ ਲੋੜ ਨਹੀਂ ਹੁੰਦੀ।

ਹੋਲੋਗ੍ਰਾਮ ਬਣਾਉਣ ਦੀ ਪ੍ਰਕਿਰਿਆ ਆਮ ਕੈਮਰੇ ਨਾਲੋਂ ਬਿਲਕੁਲ ਵੱਖਰੀ ਹੈ। ਇਸ ਵਿੱਚ ਲੇਜ਼ਰ ਲਾਈਟ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਇੱਕ ਲੇਜ਼ਰ ਬੀਮ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ—ਆਬਜੈਕਟ ਬੀਮ ਅਤੇ ਰੈਫਰੈਂਸ ਬੀਮ ਇੰਟਰਫੇਰੈਂਸ: ਜਦੋਂ ਆਬਜੈਕਟ ਬੀਮ ਵਸਤੂ ਨਾਲ ਟਕਰਾ ਕੇ ਵਾਪਸ ਆਉਂਦੀ ਹੈ ਅਤੇ ਰੈਫਰੈਂਸ ਬੀਮ ਨਾਲ ਮਿਲਦੀ ਹੈ, ਤਾਂ ਇੱਕ ਖਾਸ ਪੈਟਰਨ ਬਣਦਾ ਹੈ। ਇਸ ਪੈਟਰਨ ਨੂੰ ਇੱਕ ਫੋਟੋਗ੍ਰਾਫਿਕ ਪਲੇਟ 'ਤੇ ਰਿਕਾਰਡ ਕੀਤਾ ਜਾਂਦਾ ਹੈ। ਜਦੋਂ ਇਸ ਪਲੇਟ 'ਤੇ ਦੁਬਾਰਾ ਲੇਜ਼ਰ ਜਾਂ ਸਹੀ ਰੌਸ਼ਨੀ ਪਾਈ ਜਾਂਦੀ ਹੈ, ਤਾਂ ਵਸਤੂ ਦਾ 3ਧ ਰੂਪ ਦਿਖਾਈ ਦਿੰਦਾ ਹੈ।

ਹੋਲੋਗ੍ਰਾਮ ਦੇ ਮੁੱਖ ਹਿੱਸੇ ਵਿੱਚ ਲੇਜ਼ਰ ਰੌਸ਼ਨੀ ਦਾ ਇੱਕ ਸਾਫ਼ ਅਤੇ ਸਿੱਧਾ ਸਰੋਤ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਬੀਮ ਸਪਲਿਟਰ ਲੇਜ਼ਰ ਦੀ ਕਿਰਨ ਨੂੰ ਦੋ ਹਿੱਸਿਆਂ ਵਿੱਚ ਵੰਡਦੀ ਹੈ।

ਸ਼ੀਸ਼ੇ ਦਾ ਕੰਮ ਰੌਸ਼ਨੀ ਦੀਆਂ ਕਿਰਨਾਂ ਨੂੰ ਸਹੀ ਦਿਸ਼ਾ ਵਿੱਚ ਭੇਜਣਾ ਹੈ। ਹੋਲੋਗ੍ਰਾਮ ਦੀਆਂ ਕਿਸਮਾਂ ਵਿੱਚ ਟਰਾਂਸਮਿਸ਼ਨ ਹੋਲੋਗ੍ਰਾਮ ਤੇ ਰਿਫਲੈਕਸ਼ਨ ਹੋਲੋਗ੍ਰਾਮ ਪ੍ਰਮੁੱਖ ਹਨ।

ਟਰਾਂਸਮਿਸ਼ਨ ਹੋਲੋਗ੍ਰਾਮ ਇਹਨਾਂ ਨੂੰ ਦੇਖਣ ਲਈ ਪਿੱਛੇ ਤੋਂ ਲੇਜ਼ਰ ਲਾਈਟ ਦੀ ਲੋੜ ਹੁੰਦੀ ਹੈ। ਇਹ ਬਹੁਤ ਸਪਸ਼ਟ ਹੁੰਦੇ ਹਨ।

ਰਿਫਲੈਕਸ਼ਨ ਹੋਲੋਗ੍ਰਾਮ ਇਹ ਆਮ ਚਿੱਟੀ ਰੌਸ਼ਨੀ (ਜਿਵੇਂ ਬਲਬ ਜਾਂ ਸੂਰਜ) ਵਿੱਚ ਵੀ ਦੇਖੇ ਜਾ ਸਕਦੇ ਹਨ। ਸਾਡੇ ਕ੍ਰੈਡਿਟ ਕਾਰਡਾਂ ਜਾਂ ਨੋਟਾਂ 'ਤੇ ਲੱਗੇ ਸਟਿੱਕਰ ਇਸ ਦੀ ਉਦਾਹਰਣ ਹਨ। ਹੋਲੋਗ੍ਰਾਮ ਤਕਨੀਕ ਦੀ ਵਰਤੋਂ ਲਾਈਵ ਸ਼ੋਅਜ਼ ਤੋਂ ਇਲਾਵਾ ਕਰੰਸੀ ਨੋਟਾਂ, ਪਾਸਪੋਰਟਾਂ ਅਤੇ ਕ੍ਰੈਡਿਟ ਕਾਰਡਾਂ 'ਤੇ ਨਕਲ ਰੋਕਣ ਲਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮੈਡੀਕਲ ਵਿਗਿਆਨ ਵਿੱਚ ਡਾਕਟਰ ਮਨੁੱਖੀ ਅੰਗਾਂ (ਜਿਵੇਂ ਦਿਲ ਜਾਂ ਦਿਮਾਗ) ਦੇ 3ਧ ਮਾਡਲ ਦੇਖ ਕੇ ਬਿਹਤਰ ਸਰਜਰੀ ਕਰ ਸਕਦੇ ਹਨ। ਇਸ ਦੇ ਨਾਲ ਹੀ ਇਸ ਦੀ ਵਰਤੋਂ ਫਿਲਮਾਂ ਜਾਂ ਲਾਈਵ ਸ਼ੋਅਜ਼ ਵਿੱਚ ਮਰ ਚੁੱਕੇ ਕਲਾਕਾਰਾਂ ਜਾਂ ਦੂਰ ਬੈਠੇ ਲੋਕਾਂ ਨੂੰ ਸਟੇਜ 'ਤੇ ਦਿਖਾਉਣ ਲਈ ਕੀਤੀ ਜਾਂਦੀ ਹੈ। ਇਹ ਤਕਨੀਕ ਸਾਬਤ ਕਰਦੀ ਹੈ ਕਿ ਭੌਤਿਕ ਮੌਜੂਦਗੀ ਦੇ ਖ਼ਤਮ ਹੋਣ ਤੋਂ ਬਾਅਦ ਵੀ, ਇੱਕ ਕਲਾਕਾਰ ਦੀ ਵਿਰਾਸਤ ਨੂੰ ਉਸਦੇ ਪ੍ਰਸ਼ੰਸਕਾਂ ਦੇ ਵਿਚਕਾਰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।

ਤਕਨੀਕੀ ਕ੍ਰਾਂਤੀ: 3ਡੀ ਹੋਲੋਗ੍ਰਾਫੀ ਰਾਹੀਂ ਭਾਰਤੀ ਅਤੇ ਪੰਜਾਬੀ ਸੰਗੀਤ ਜਗਤ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਰਹੀ ਹੈ, ਜਿੱਥੇ ਲੇਜ਼ਰ ਅਤੇ ਪ੍ਰਕਾਸ਼ ਦੀ ਵਰਤੋਂ ਨਾਲ ਅਸਲੀਅਤ ਵਰਗਾ ਅਹਿਸਾਸ ਪੈਦਾ ਕੀਤਾ ਜਾਵੇਗਾ। ਜਿਸ ਤਰ੍ਹਾਂ ਮੈਡੀਕਲ ਅਤੇ ਸੁਰੱਖਿਆ ਖੇਤਰ ਵਿੱਚ ਹੋਲੋਗ੍ਰਾਮ ਦੀ ਵਰਤੋਂ ਹੋ ਰਹੀ ਹੈ, ਉਸੇ ਤਰ੍ਹਾਂ ਮਨੋਰੰਜਨ ਜਗਤ ਵਿੱਚ ਇਹ ਤਕਨੀਕ ਮਰਹੂਮ ਕਲਾਕਾਰਾਂ ਅਤੇ ਉਹਨਾਂ ਦੇ ਚਾਹੁਣ ਵਾਲਿਆਂ ਵਿਚਕਾਰ ਦੂਰੀ ਨੂੰ ਹਮੇਸ਼ਾ ਲਈ ਖ਼ਤਮ ਕਰਨ ਦੀ ਸਮਰੱਥਾ ਰੱਖਦੀ ਹੈ।

ਭਵਿੱਖ ਵਿੱਚ ਹੋਲੋਗ੍ਰਾਫਿਕ ਟੈਲੀਵਿਜ਼ਨ ਅਤੇ ਵੀਡੀਓ ਕਾਲਿੰਗ ਆਮ ਹੋ ਸਕਦੀ ਹੈ, ਜਿੱਥੇ ਤੁਹਾਡੇ ਸਾਹਮਣੇ ਬੈਠਾ ਵਿਅਕਤੀ ਅਸਲ ਵਿੱਚ ਉੱਥੇ ਨਾ ਹੋ ਕੇ ਇੱਕ ਹੋਲੋਗ੍ਰਾਮ ਹੋਵੇਗਾ। ਇਸ ਤਕਨੀਕ ਨੂੰ ਵਧੇਰੇ ਕਿਫਾਇਤੀ ਅਤੇ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣ ਲਈ ਅਜੇ ਵੀ ਖੋਜ ਦੀ ਲੋੜ ਹੈ, ਪਰ ਭਵਿੱਖ ਵਿੱਚ ਇਹ ਤਕਨੀਕ ਸੰਚਾਰ ਦੇ ਸਾਧਨਾਂ ਵਿੱਚ ਕ੍ਰਾਂਤੀ ਲਿਆਵੇਗੀ। ਉਹ ਦਿਨ ਦੂਰ ਨਹੀਂ ਜਦੋਂ ਅਸੀਂ ਸਰੀਰਕ ਤੌਰ 'ਤੇ ਮੌਜੂਦ ਨਾ ਹੁੰਦੇ ਹੋਏ ਵੀ ਹੋਲੋਗ੍ਰਾਮ ਰਾਹੀਂ ਆਪਣੇ ਅਜ਼ੀਜ਼ਾਂ ਜਾਂ ਸਹਿਕਰਮੀਆਂ ਨਾਲ ਆਹਮੋ-ਸਾਹਮਣੇ ਗੱਲਬਾਤ ਕਰ ਸਕਾਂਗੇ। ਇਹ ਤਕਨੀਕ ਮਨੁੱਖੀ ਕਲਪਨਾ ਅਤੇ ਹਕੀਕਤ ਦੇ ਵਿਚਕਾਰਲੇ ਪਾੜੇ ਨੂੰ ਮਿਟਾਉਣ ਦੀ ਸਮਰੱਥਾ ਰੱਖਦੀ ਹੈ।








Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
➤ 2 ਸਾਲ ਦਾ Work Permit
➤ Spouse ਨੂੰ ਮਿਲੇਗਾ Open Work Permit
➤ ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
➤ ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA



# ਕੀ ਅਸੀਂ ਸਿਹਤ ਸੰਕਟ ਨਾਲ ਜੂਝ ਰਹੇ ਹਾਂ...?

SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

ਮੁਨਾਫ਼ਾਖੋਰਾਂ ਅਤੇ ਮਿਲਾਵਟਖੋਰਾਂ ਵੱਲੋਂ ਆਮ ਲੋਕਾਂ ਦੀ ਸਿਹਤ ਨਾਲ ਇਸ ਤਰ੍ਹਾਂ ਖਿਲਵਾੜ ਕੀਤਾ ਜਾਵੇਗਾ ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ । ਖਾਣ-ਪੀਣ ਦੀਆਂ ਚੀਜ਼ਾਂ ਵਿਚ ਹੋ ਰਹੀ ਮਿਲਾਵਟ ਹੀ ਸਾਡੀ ਸਿਹਤ ਦੀ ਵੱਡੀ ਦੁਸ਼ਮਣ ਬਣ ਗਈ ਹੈ। ਅੱਜ ਸਾਡੇ ਦੇਸ਼ ਵਿੱਚ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਤੇਜ਼ੀ ਨਾਲ ਫੈਲ ਰਹੀਆਂ ਹਨ। ਮਿਲਾਵਟੀ ਅਤੇ ਕੀਟਨਾਸ਼ਕ ਯੁਕਤ ਖਾਦ ਪਦਾਰਥਾਂ ਕਾਰਨ ਲੋਕ ਤੇਜ਼ੀ ਨਾਲ ਕੈਂਸਰ ਦੇ ਰੋਗੀ ਬਣ ਰਹੇ ਹਨ। ਇਸ ਤੋਂ ਇਲਾਵਾ ਮਿਲਾਵਟੀ ਭੋਜਨ ਪਦਾਰਥ ਖਾਣ ਨਾਲ ਦਸਤ, ਉਲਟੀ, ਐਲਰਜੀ, ਸ਼ੂਗਰ, ਦਿਲ ਦੇ ਰੋਗ ਵਰਗੀਆਂ ਗੰਭੀਰ ਅਤੇ ਘਾਤਕ ਬਿਮਾਰੀਆਂ ਹੋ ਰਹੀਆਂ ਹਨ। ਭੋਜਨ ਵਿੱਚ ਮਿਲਾਵਟ ਸਿਹਤ ਲਈ ਬਹੁਤ ਵੱਡਾ ਖਤਰਾ ਹੈ। ਅਜੋਕੇ ਸਮੇਂ ਵਿੱਚ ਤੁਹਾਨੂੰ ਕੋਈ ਪੂਰੀ ਤਰ੍ਹਾਂ ਨਾਲ ਤੰਦਰੁਸਤ ਵਿਰਲਾ ਹੀ ਮਿਲੇਗਾ, ਅੱਜ ਦਾ ਤਾਂ ਬਚਪਨ ਵੀ ਬੀਮਾਰੀਆਂ ਤੋਂ ਰਹਿਤ ਨਹੀਂ ਰਿਹਾ ਹੈ। ਤੁਹਾਡੀ ਥਾਲੀ ਵਿੱਚ ਪਰੋਸਿਆ ਜਾ ਰਿਹਾ ਭੋਜਨ ਅਸਲ ਵਿੱਚ ਭੇਸ ਬਦਲ ਕੇ ਆਇਆ ਧੀਮਾ ਜ਼ਹਿਰ ਹੈ ਜੋ ਇੱਕ ਬਹੁਤ ਹੀ ਗੰਭੀਰ ਅਤੇ ਡਰਾਉਣੀ ਸਚਾਈ ਹੈ। ਭੋਜਨ ਦੀਆਂ ਵਸਤਾਂ ਵਿੱਚ ਹੋ ਰਹੀ ਅੰਨ੍ਹੇਵਾਹ ਮਿਲਾਵਟ ਸਾਡੇ ਦੇਸ਼ ਦਾ ਸਭ ਤੋਂ ਵੱਡਾ ਸਿਹਤ ਸੰਕਟ ਹੈ । ਆਮ ਲੋਕ ਇਸ ਗੱਲੋਂ ਅਣਜਾਣ ਹਨ ਕਿ ਕਿਵੇਂ ਸਾਡੇ ਰੋਜ਼ਮਰ੍ਹਾ ਦੀਆਂ ਜ਼ਰੂਰੀ ਚੀਜ਼ਾਂ ਵਿੱਚ ਮਿਲਾਵਟ ਪਾਈ ਜਾਂਦੀ ਹੈ।

ਦੁੱਧ ਵਿੱਚ ਪਾਣੀ, ਡਿਟਰਜੈਂਟ, ਯੂਰੀਆ, ਸਟਾਰਚ ਅਤੇ ਰਿਫਾਇੰਡ ਤੇਲ ਵਰਗੀਆਂ ਚੀਜ਼ਾਂ ਮਿਲਾ ਕੇ ਮਿਲਾਵਟ ਕੀਤੀ ਜਾਂਦੀ ਹੈ, ਜੋ ਸਿਹਤ ਲਈ ਬਹੁਤ ਹਾਨੀਕਾਰਕ ਹੈ। ਇਸਦਾ ਉਦੇਸ਼ ਮੁਨਾਫਾ ਕਮਾਉਣਾ ਅਤੇ ਦੁੱਧ ਦੀ ਮਾਤਰਾ ਵਧਾਉਣਾ ਹੁੰਦਾ ਹੈ। ਕਈ ਫ਼ਲਾਂ ਜਿਵੇਂ ਕੇਲਾ, ਪਪੀਤਾ ਅਤੇ ਅੰਬ ਆਦਿ ਨੂੰ ਜਲਦੀ ਪਕਾਉਣ ਲਈ ਕੈਲਸ਼ੀਅਮ ਕਾਰਬਾਈਡ ਵਰਤਿਆ ਜਾਂਦਾ ਹੈ। ਸੇਬ ਅਤੇ ਹੋਰ ਫਲਾਂ 'ਤੇ ਚਮਕ ਲਿਆਉਣ ਲਈ ਮੋਮ ਲਗਾਇਆ ਜਾਂਦਾ ਹੈ। ਸਬਜ਼ੀਆਂ ਜਿਵੇਂ ਮਟਰ, ਹਰੀ ਮਿਰਚ ਆਦਿ ਨੂੰ ਗੂੜ੍ਹਾ ਹਰਾ ਕਰਨ ਲਈ ਮੈਲਾਕਾਈਟ ਗ੍ਰੀਨ ਵਰਗੇ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਕੈਂਸਰ ਦਾ ਕਾਰਨ ਬਣ ਸਕਦੇ ਹਨ। ਕੱਦੂ, ਕਰੇਲੇ ਅਤੇ ਤਰਬੂਜ਼ ਨੂੰ ਜਲਦੀ ਪੱਕਣ ਅਤੇ ਅਕਾਰ ਵਿੱਚ ਵੱਡਾ ਕਰਨ ਲਈ ਆਕਸੀਟੋਸਿਨ (ਨੈਟੋਚਿਨ) ਵਰਗੇ ਇੰਜੈਕਸ਼ਨ ਲਗਾਏ ਜਾਂਦੇ ਹਨ। ਅਨਾਜ ਵਿੱਚ ਮਿਲਾਵਟ ਮੁੱਖ ਤੌਰ 'ਤੇ ਜ਼ਿਆਦਾ ਮੁਨਾਫ਼ਾ ਕਮਾਉਣ ਲਈ ਸਸਤੀਆਂ, ਘਟੀਆ ਜਾਂ ਅਣਚਾਹੀਆਂ ਚੀਜ਼ਾਂ ਮਿਲਾ ਕੇ ਕੀਤੀ ਜਾਂਦੀ ਹੈ, ਜਿਵੇਂ ਕਿ ਕਣਕ ਵਿੱਚ ਪੱਥਰ, ਮਿੱਟੀ, ਜਾਂ ਦਾਲਾਂ ਵਿੱਚ ਨਕਲੀ ਰੰਗ। ਕਣਕ ਵਿੱਚ ਮਿੱਟੀ, ਕੰਕਰ, ਪੱਥਰ, ਅਤੇ ਟੁੱਟੇ ਹੋਏ ਦਾਣੇ ਮਿਲਾਏ ਜਾਂਦੇ ਹਨ। ਚੌਲਾਂ ਵਿੱਚ ਸਸਤੇ ਚੌਲ ਜਾਂ ਹੋਰ ਅਨਾਜ ਮਿਲਾਇਆ ਜਾ ਸਕਦਾ ਹੈ। ਦਾਲਾਂ ਵਿੱਚ ਰੋਗਨ ਜੋ ਸਿਹਤ ਲਈ ਹਾਨੀਕਾਰਕ ਹੈ ਜਾਂ ਇੱਟਾਂ ਪੱਥਰਾਂ ਦੇ ਛੋਟੇ ਟੁਕੜੇ ਮਿਲਾਏ ਜਾਂਦੇ ਹਨ। ਕਈ ਵਾਰ ਦਾਲਾਂ ਨੂੰ ਚਮਕਦਾਰ ਬਣਾਉਣ ਲਈ ਨਕਲੀ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੀਸੇ ਹੋਏ ਮਸਾਲਿਆਂ ਵਿੱਚ ਲੱਕੜ ਦਾ ਬੂਰਾਦਾ, ਸਟਾਰਚ, ਜਾਂ ਰੰਗ ਮਿਲਾਇਆ ਜਾਂਦਾ ਹੈ। ਆਟੇ ਵਿੱਚ ਚਾਕ ਪਾਊਡਰ ,ਉੱਲੀ ਲੱਗੀਆਂ ਬੇਹੀਆਂ ਰੋਟੀਆਂ ਜਾਂ ਗੰਦ ਮੰਦ ਪੀਸ ਕੇ ਜਾਂ ਹੋਰ ਘਟੀਆ ਪਾਊਡਰ ਮਿਲਾਏ ਜਾ ਸਕਦੇ ਹਨ। ਕਈ ਵਾਰ ਸਾਬਤ ਅਨਾਜ ਨੂੰ ਛੇਤੀ ਗਲਾਉਣ ਲਈ ਰਸਾਇਣਕ ਪਦਾਰਥਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਦੁੱਧ ਵਿੱਚ ਯੂਰੀਆ ਤੇ ਡਿਟਰਜੈਂਟ, ਸਬਜ਼ੀਆਂ ਵਿੱਚ ਜ਼ਹਿਰੀਲਾ ਆਕਸੀਟੋਸਿਨ, ਪਨੀਰ ਵਿੱਚ ਕਾਸਟਿਕ ਸੋਡਾ, ਮਸਾਲਿਆਂ ਵਿੱਚ ਇੱਟਾਂ ਦਾ ਪਾਊਡਰ, ਸ਼ਹਿਦ ਵਿੱਚ ਨਕਲੀ ਸ਼ਰਬਤ, ਮੁਰਗਿਆਂ ਵਿੱਚ ਸਟੀਰੌਇਡ ਅਤੇ ਇੱਥੋਂ ਤੱਕ ਕਿ ਆਈਸ ਕਰੀਮ ਵਿੱਚ ਵੀ ਸਰਫ ਮਿਲਾ ਕੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਬਿਮਾਰੀਆਂ ਦੀ ਦਲਦਲ ਵਿੱਚ ਧੱਕਿਆ ਜਾ ਰਿਹਾ ਹੈ। ਤਿਉਹਾਰਾਂ ਦੇ ਦਿਨਾਂ ਵਿੱਚ ਸਿੰਥੈਟਿਕ ਪਨੀਰ,ਖੋਆ ਅਤੇ ਰੰਗਦਾਰ ਨਕਲੀ ਮਠਿਆਈਆਂ ਵੇਚ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ।

ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਇੱਕ ਵੱਡੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਨਾਲ ਸਿਹਤ ਉੱਤੇ ਕਈ ਤਰੀਕਿਆਂ ਨਾਲ ਮਾੜੇ ਪ੍ਰਭਾਵ ਪੈ ਰਹੇ ਹਨ। ਮਿਲਾਵਟ ਦਾ ਇਹ ਧੰਦਾ ਭਾਰਤ ਵਿੱਚ ਬਹੁਤ ਆਮ ਹੋ ਗਿਆ ਹੈ ਅਤੇ ਇਹ ਮੁੱਖ ਤੌਰ 'ਤੇ ਖਾਣ ਪੀਣ ਦੀਆਂ ਚੀਜ਼ਾਂ ਦੀ ਮਾਤਰਾ ਵਧਾਉਣ ਅਤੇ ਵੱਧ ਮੁਨਾਫ਼ਾ ਕਮਾਉਣ ਲਈ ਕੀਤਾ ਜਾਂਦਾ ਹੈ। ਇਸ ਜਾਨਲੇਵਾ ਖੇਡ ਨੂੰ ਰੋਕਣ ਲਈ ਭਾਰਤ ਦੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ ਨੂੰ ਬੇਹੱਦ ਸ਼ਕਤੀਸ਼ਾਲੀ ਬਣਾਏ ਜਾਣ ਦੀ ਲੋੜ ਹੈ, ਟੈਸਟਿੰਗ ਲੈਬਾਂ ਦਾ ਦੇਸ਼-ਵਿਆਪੀ ਜਾਲ ਵਿਛਾਇਆ ਜਾਵੇ, ਮਿਲਾਵਟਖੋਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਸਜ਼ਾਵਾਂ ਤੇ ਜੁਰਮਾਨੇ ਤੈਅ ਕੀਤੇ ਜਾਣ ਅਤੇ ਖ਼ਰਾਬ ਮਾਲ ਨੂੰ ਤੁਰੰਤ ਬਾਜ਼ਾਰੋਂ ਹਟਾਉਣ ਲਈ ਇੱਕ ਸਿਸਟਮ ਲਾਗੂ ਹੋਣਾ ਚਾਹੀਦਾ ਹੈ ਕਿਉਂਕਿ ਇਹ ਭਾਰਤ ਦੇ ਹਰ ਨਾਗਰਿਕ ਦੀ ਜਾਨ ਅਤੇ ਸਿਹਤ ਦਾ ਸਵਾਲ ਹੈ ।ਇਸ ਪ੍ਰਤੀ ਆਮ ਲੋਕਾਂ ਦੇ ਨਾਲ ਨਾਲ ਸਰਕਾਰਾਂ ਨੂੰ ਵੀ ਜਾਗਰੂਕ ਅਤੇ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਸਾਡੀ ਰਸੋਈ ਪੋਸ਼ਣ ਦਾ ਸੋਮਾ ਹੋਣੀ ਚਾਹੀਦੀ ਹੈ, ਨੁਕਸਾਨ ਦਾ ਨਹੀਂ। ਕੀ ਅਸੀਂ ਮਿਲਾਵਟੀ ਖਾਣੇ ਖਾ ਕੇ ਸੱਚ ਮੁੱਚ ਹੀ ਸਿਹਤ ਸੰਕਟ ਨਾਲ ਜੂਝ ਰਹੇ ਹਾਂ?






# RESIDENTIAL, COMMERCIAL AND SOLAR FARMS

with Singhsloar High performance Bifacial Smart Panels

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com



## ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪੇਂਡੂ ਪਿਛੋਕੜ ਵਾਲੀ ਸਿਮਰਨਦੀਪ ਕੌਰ ਆਈ.ਏ.ਐਸ ਬਣੀ ਨੌਜਵਾਨਾਂ ਲਈ ਚਾਨਣ-ਮੁਨਾਰਾ



ਲੜਕੀਆਂ ਨੂੰ ਸਮਾਜ ਵਿੱਚ ਭਾਵੇਂ ਸਮੇਂ ਸਮੇਂ ਤੇ ਅਣਗੋਲਿਆ ਕੀਤਾ ਜਾਂਦਾ ਰਿਹਾ ਹੈ ਪਰ ਅੱਜ ਦੀਆਂ ਲੜਕੀਆਂ ਨੇ ਹਰ ਖੇਤਰ ਵਿੱਚ ਮਲ੍ਹਾਂ ਮਾਰ ਕੇ ਸਮਾਜ ਵਿੱਚ ਆਪਣੇ ਮਾਪਿਆਂ ਦਾ, ਅਧਿਆਪਕਾਂ, ਔਰਤ ਜਾਤੀ ਦਾ, ਪੰਜਾਬ ਦਾ ਨਾਂ ਉੱਚਾ ਕੀਤਾ ਹੈ। ਸਿਵਲ ਸੇਵਾਵਾਂ ਵਿੱਚ ਪੰਜਾਬ ਦੇ ਬੱਚਿਆਂ ਦੀ ਕਾਰਗੁਜ਼ਾਰੀ ਵਧੀਆ ਬੇਹਤਰ ਹੋਣ ਲੱਗੀ ਹੈ। ਹੁਣੇ ਆਏ ਯੂ.ਪੀ.ਐਸ.ਸੀ.ਦੇ ਸਿਵਲ ਸੇਵਾਵਾਂ ਦੇ ਨਤੀਜੇ ਵਿੱਚ ਪੰਜਾਬ ਦੀਆਂ ਪੰਜ ਲੜਕੀਆਂ ਅਤੇ ਦੋ ਲੜਕੇ ਸਿਲੈਕਟ ਹੋਏ ਹਨ ਜਿਨ੍ਹਾਂ 'ਚੋਂ ਬਹੁਤੇ ਮੱਧਵਰਗੀ ਪਰਿਵਾਰਾਂ ਨਾਲ ਸਬੰਧਤ ਹਨ। ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਬਿਰੜ੍ਹਵਾਲ ਦੀ ਮੱਧ ਵਰਗੀ ਸੰਯੁਕਤ ਕਿਸਾਨੀ ਪਰਿਵਾਰ ਵਿੱਚ ਪਿਤਾ ਕੁਲਦੀਪ ਸਿੰਘ ਦੇ ਘਰ ਮਾਤਾ ਅਮਨਦੀਪ ਕੌਰ ਦੀ ਕੁੱਖੋਂ 19 ਦਸੰਬਰ 2000 ਨੂੰ ਜਨਮੀ ਬੇਟੀ ਸਿਮਰਨਦੀਪ ਕੌਰ ਨੇ ਦੇਸ਼ 'ਚੋਂ 15 ਵਾਂ ਅਤੇ ਪੰਜਾਬ 'ਚ ਪਹਿਲਾ ਰੈਂਕ ਪ੍ਰਾਪਤ ਕਰ ਕੇ ਇਲਾਕੇ ਅਤੇ ਪੰਜਾਬ ਦਾ ਨਾਂ ਉੱਚਾ ਕੀਤਾ ਹੈ ।ਉਸ ਨੇ ਮੁਢਲੀ ਪੜ੍ਹਾਈ ਦਸਵੀਂ ਤੱਕ ਨਾਭਾ ਦੇ ਦਇਆਨੰਦ ਪਬਲਿਕ ਸਕੂਲ (ਪਾਂਡੂਸਰ) ਤੋਂ ਕੀਤੀ ।ਉਸ ਨੇ ਬਾਰ੍ਹਵੀਂ ਨਾਨ-ਮੈਡੀਕਲ ਸਟਰੀਮ ਵਿੱਚ ਇਸੇ ਸਕੂਲ ਦੀ ਬ੍ਰਾਂਚ ਸਿਲਵਰ ਸਿਟੀ ਨਾਭਾ ਤੋਂ ਕਰਦੇ ਸਮੇਂ ਉੱਚ ਮੁਕਾਮ ਤੇ ਪੁੱਜਣ ਦਾ ਸੁਪਨਾ ਲੈ ਲਿਆ ਸੀ ।ਉਸ ਨੇ ਖਾਲਸਾ ਕਾਲਜ ਪਟਿਆਲਾ ਤੋਂ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ (ਪੋਲੀਟੀਕਲ ਸਾਇੰਸ) ਦੀ ਪੜ੍ਹਾਈ ਪ੍ਰਾਪਤ ਕੀਤੀ। ਉਸ ਨੇ ਬੀ.ਏ. ਦੀ ਪੜ੍ਹਾਈ ਆਪਣੀ ਸਟਰੀਮ ਬਦਲਦਿਆਂ ਰਾਜਨੀਤੀ ਸ਼ਾਸਤਰ, ਇਤਿਹਾਸ ਅਤੇ ਅਰਥਸ਼ਾਸਤਰ ਵਿਸ਼ਿਆਂ ਨਾਲ ਖਾਲਸਾ ਕਾਲਜ ਪਟਿਆਲਾ ਤੋਂ ਕਰਦਿਆਂ ਸਿਵਲ ਸੇਵਾਵਾਂ 'ਚ ਜਾਣ ਦੇ ਸੁਪਨੇ ਨੂੰ ਆਪਣੇ ਜ਼ਿੰਦਗੀ ਦੇ ਟੀਚੇ ਵਜੋਂ ਲੈ ਲਿਆ ਸੀ। ਉਸਨੂੰ ਕਾਲਜ ਦੇ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਇਥੋਂ ਦੇ ਵਧੀਆ ਮਾਹੌਲ ਵਿੱਚ ਆਪਣੇ ਟੀਚੇ ਨਾਲ ਵਧੇਰੇ ਲਗਾਅ ਹੋ ਗਿਆ।ਉਸ ਨੇ ਕਾਲਜ ਵਿੱਚ ਪੜ੍ਹਦਿਆਂ ਸੁਰਜੀਤ ਪਾਤਰ ਅਤੇ ਸੁਖਵਿੰਦਰ ਅੰਮ੍ਰਿਤਾ ਦੀ ਕਾਵਿ ਰਚਨਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਇਰਾਦੇ ਨੂੰ ਮੰਜ਼ਿਲ ਸਰ ਕਰਨ ਲਈ ਹੋਰ ਵਧੇਰੇ ਮਜਬੂਤ ਬਣਾਇਆ । ਇਸੇ ਕਾਲਜ ਤੋਂ ਉਸ ਨੇ ਐਮ.ਏ. ਰਾਜਨੀਤੀ ਸ਼ਾਸਤਰ ਦੀ ਪ੍ਰੀਖਿਆ ਪਾਸ ਕੀਤੀ ਅਤੇ ਪਹਿਲੀ ਵਾਰ ਹੀ ਯੂ.ਜੀ.ਸੀ. ਨੈਟ ਪਾਸ ਕਰਕੇ ਆਪਣੇ ਹੌਸ਼ਲੇ ਨੂੰ ਹੋਰ ਮਜਬੂਤ ਕੀਤਾ।

ਸਿਮਰਨਦੀਪ ਕੌਰ ਨੇ ਘਰ ਬੈਠ ਕੇ ਵੱਡੇ ਵੱਡੇ ਕੋਚਿੰਗ ਸੈਂਟਰਾਂ ਦੇ ਸਹਾਰੇ ਨੂੰ ਨਕਾਰਦਿਆਂ ਆਨ ਲਾਈਨ ਹੀ ਵੱਖ-ਵੱਖ ਸ੍ਰੋਤਾਂ ਤੋਂ ਵੱਕਾਰੀ ਆਈ.ਏ.ਐਸ. ਦੀ ਪ੍ਰੀਖਿਆ ਦੀ ਤਿਆਰੀ ਕਰਨੀ ਸ਼ੁਰੂ ਕੀਤੀ ਪਰ ਪਹਿਲੇ ਤਿੰਨ ਮੋਕਿਆਂ ਚੋਂ ਕਾਮਯਾਬੀ ਨਾ ਹੋਣ ਤੇ ਆਪਣੇ ਪਰਿਵਾਰ ਦੇ ਸਮਰਥਨ ਸਦਕਾ ਚੌਥੀ ਵਾਰੀ ਆਪਣੀ ਮੰਜ਼ਿਲ ਸਰ ਕਰ ਕੇ ਪੇਂਡੂ ਖੇਤਰ ਦੇ ਬੱਚਿਆਂ ਲਈ ਇੱਕ ਮਿਸਾਲ ਬਣ ਕੇ ਇਤਿਹਾਸ ਰੱਚਿਆ ਹੈ ।ਉਸ ਦੇ ਪਿਤਾ ਨੇ ਦੱਸ਼ਿਆ ਕਿ ਉਨ੍ਹਾਂ ਚਾਰ ਸਾਲਾਂ ਵਿੱਚ ਆਪਣੀ ਬੇਟੀ ਦੀ ਸਾਰੀ ਤਿਆਰੀ ਉੱਪਰ ਲੱਖ ਤੋਂ ਡੇਢ ਲੱਖ ਦੇ ਕਰੀਬ ਖਰਚ ਆਇਆ ਜੋ ਕਿ ਅੱਜ ਦੇ ਸਮੇਂ ਹਰੇਕ ਮਾਪਾ ਆਪਣੇ ਬੱਚਿਆਂ ਦੇ ਬਿਹਤਰ ਭੱਵਿਖ ਲਈ ਖਰਚ ਸਕਦਾ ਹੈ। ਸਿਰਫ ਬੱਚਿਆਂ ਦੀ ਮਿਹਨਤ, ਦ੍ਰਿੜ ਇਰਾਦਾ ਹੀ ਸਫਲਤਾ ਦਾ ਰਾਜ਼ ਹੈ, ਜੋ ਘੱਟ ਖਰਚੇ ਨਾਲ ਵੀ ਪ੍ਰਾਪਤ ਹੋ ਸਕਦੀ ਹੈ ਜਿਵੇਂ ਸਿਮਰਦੀਪ ਕੌਰ ਨੇ ਕਰ ਦਿਖਾਇਆ ਹੈ।ਅੱਜ ਦੀਆਂ ਲੜਕੀਆਂ ਅਤੇ ਲੜਕਿਆਂ ਨੂੰ ਇਸ ਸਫਲਤਾ ਤੋਂ ਬਹੁਤ ਕੁਝ ਨਵਾਂ ਸਿੱਖਣ ਲਈ ਮਿਲ ਸਕਦਾ ਹੈ। ਉਸ ਨੇ ਆਨ ਲਾਈਨ ਕੋਚਿੰਗ ਲਈ ਅਤੇ ਘਰ ਬੈਠ ਕੇ ਸਫਲਤਾ ਪ੍ਰਾਪਤ ਕੀਤੀ ਹੈ ਜੋ ਬਹੁਤ ਵੱਡੀ ਗੱਲ ਹੋਣ ਦੇ ਨਾਲ ਪੰਜਾਬ ਦੀ ਨੌਜਵਾਨੀ ਦੇ ਸੰਭਾਵਿਤ ਹਨੇਰੇ ਭਵਿੱਖ ਲਈ ਚਾਨਣ ਮੁਰਾਰਾ ਹੈ ।ਉਸ ਦੇ ਪਿਤਾ ਸ. ਕੁਲਦੀਪ ਸਿੰਘ ਇੱਕ ਮਿਹਨਤੀ , ਧਾਰਮਿਕ ਬਿਰਤੀ ਵਾਲੇ ਕਿਸਾਨ ਹਨ। ਉਸ ਦੀ ਮਾਤਾ ਸਰਦਾਰਨੀ ਅਮਨਦੀਪ ਕੌਰ ਇੱਕ ਘਰੇਲੂ ਔਰਤ ਹਨ।ਉਹ ਆਪਣੇ ਚਾਚਾ ਜੀ ਦੀ ਹਰ ਪੱਖੋਂ ਮਿਲਦੀ ਹੱਲਾਸ਼ੇਰੀ ਅਤੇ ਸਹਿਯੋਗ ਲਈ ਸਰਾਹਨਾ ਕਰਦੀ ਹੈ।ਉਸ ਦਾ ਹਰ ਰੋਜ਼ ਸਵੇਰੇ ਗੁਰੂ ਘਰ ਜਾਣਾ ਨਿੱਤਨੇਮ ਕਰਨਾ ਅਤੇ ਉਸਤੋਂ ਬਾਅਦ ਸਾਰਾ ਸਮਾਂ ਟਿਕਾਅ 'ਚ ਰਹਿ ਕੇ ਪੜ੍ਹਾਈ ਲਈ ਦੇਣਾ ਉਸ ਦਾ ਸਡਿਊਲ ਰਿਹਾ। ਉਸ ਦਾ ਕਹਿਣਾ ਹੈ ਕਿ ਉਹ ਸਿੱਖ ਪਰਿਵਾਰ ਦੇ ਸ਼ੰਸਕਾਰਾਂ ਵਿੱਚ ਪਲੀ ਹੋਣ ਕਾਰਨ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਹੋਣ ਕਰਕੇ ਸਮਾਜ ਲਈ ਇੱਕ ਨਿਵੇਕਲੀ ਤਬਦੀਲੀ ਲਿਆਉਣ ਲਈ ਹਮੇਸ਼ਾ ਯਤਨਸ਼ੀਲ ਰਹੇਗੀ । ਉਸ ਦੇ ਭਰਾ ਹਰਜੋਤ ਸਿੰਘ ਜੋ ਖਾਲਸਾ ਕਾਲਜ ਪਟਿਆਲਾ ਬੀ.ਏ. ਵੋਕੇਸਨਲ ਦਾ ਵਿਦਿਆਰਥੀ ਹੈ ਨੇ ਵੀ ਆਪਣੀ ਲਾਡਲੀ ਭੈਣ ਦੀ ਕਾਮਯਾਬੀ ਲਈ ਹਰ ਸੰਭਵ ਸਹਿਯੋਗ ਦਿੱਤਾ।ਉਸ ਨੂੰ ਕਰਨਾਟਕਾ ਤੋਂ ਫਰੀਦ ਸਰ ਅਤੇ ਨਿਖਿਲ ਗੌੜਾ ਵਲੋਂ ਆਨ ਲਾਈਨ ਗਾਈਡ ਲਾਈਨਜ ਦੇਣ ਲਈ ਵੀ ਉਨ੍ਹਾ ਦੇ ਬਹੁਮੁੱਲੇ ਦਿੱਤੇ ਸਹਿਯੋਗ ਲਈ ਉਹ ਧੰਨਵਾਦੀ ਹੈ। ਉਸ ਨੂੰ 'ਮਹਿਲਾ ਦਿਵਸ' ਤੇ ਪੰਜਾਬ ਦੇ ਮੁੱਖ ਮੰਤਰੀ ਵਲੋਂ ਸਨਮਾਨਿਤ ਕੀਤਾ ਗਿਆ ਹੈ। ਬਾਹਰਲੇ ਦੇਸ਼ਾਂ ਵਿੱਚ ਪਿਛਲੇ ਕੁਝ ਸਾਲਾਂ ਤੋਂ ਬਹੁਤਾਤ ਵਿੱਚ ਉੱਧਰ ਹੀ ਸੈਟਲ ਹੋਣ ਦੇ ਇਰਾਦੇ ਨਾਲ ਪੜ੍ਹਾਈ ਕਰਨ ਦਾ ਬਹਾਨਾ ਬਣਾ ਕੇ ਨੋਜਵਾਨਾਂ ਦੇ ਪ੍ਰਵਾਸ ਕਰਨ ਵਾਲਿਆਂ ਲਈ ਸਿਮਰਨਦੀਪ ਕੌਰ ਰਾਹ ਦਿਸੇਰਾ ਦੇ ਪ੍ਰਤੀਕ ਵਜੋਂ ਮਿਸਾਲ ਬਣੀ ਹੈ ਕਿ ਦ੍ਰਿੜ ਇਰਾਦੇ ਨਾਲ ਇਥੇ ਹੀ ਵੱਡੇ ਮੁਕਾਮ ਤੇ ਪੁੱਜਿਆ ਜਾ ਸਕਦਾ ਹੈ। ਪੰਜਾਬ ਦੇ ਇਨ੍ਹਾਂ ਨੋਜਵਾਨ ਲੜਕੇ ਲੜਕੀਆਂ ਦੀਆਂ ਉੱਚ ਮੁਕਾਮ ਤੇ ਕਾਮਯਾਬੀਆਂ ਦਾ ਹੋਣਾ ਪੰਜਾਬ ਲਈ ਸ਼ੁਭ ਸਗਨ ਹੈ।

**ਮੇਜਰ ਸਿੰਘ ਨਾਭਾ**




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

## ਮਿੰਨੀ ਕਹਾਣੀ

# ਹੌਸਲਾ

ਹੋਸਟਲ ਵਿੱਚ ਸਿਕਿਉਰਿਟੀ ਗਾਰਡ ਫ਼ੋਨ ਤੇ ਕਿਸੇ ਨੂੰ ਉੱਚੀ-ਉੱਚੀ ਗਾਲ਼ਾਂ ਕੱਢ ਰਿਹਾ ਸੀ। ਸਾਰੇ ਮੁੰਡੇ ਉਸ ਨੂੰ ਹੈਰਾਨੀ ਤੇ ਗੁੱਸੇ ਦੇ ਭਾਵ ਨਾਲ ਵੇਖਣ ਲੱਗੇ। ਜਦੋਂ ਉਹ ਫ਼ੋਨ ਕੱਟ ਕੇ ਬੁਰੀ ਤਰ੍ਹਾਂ ਰੋਣ ਲੱਗ ਪਿਆ ਤਾਂ ਮੁੰਡਿਆਂ ਨੇ ਉਸ ਨੂੰ ਰੋਣ ਦਾ ਕਾਰਨ ਪੁੱਛਿਆ। "ਕੀ ਦੱਸਾਂ, ਕਿਸੇ ਨੂੰ ਪੰਜਾਹ ਹਜ਼ਾਰ ਰੁਪਏ ਦੁਆਏ ਸੀ ਆਵਦੀ ਗਵਾਹੀ ਤੇ।

ਹੁਣ ਉਹ ਬੰਦਾ ਪੈਸੇ ਵਾਪਸ ਮੋੜਨ ਤੋਂ ਇਨਕਾਰ ਕਰ ਰਿਹਾ ਹੈ। ਦੱਸੋ, ਮੈਂ ਪੰਜਾਹ ਹਜ਼ਾਰ ਕਿੱਥੋਂ ਦੇ ਦਿਆਂ?" "ਤੁਸੀਂ ਸਾਨੂੰ ਦੱਸੋ ਕਿਹੜਾ ਏ? ਉਹ ਤਾਂ ਕੀ ਉਹਦਾ ਪਿਓ ਵੀ ਪੈਸੇ ਵਾਪਸ ਕਰਨ ਆਊ।" ਮੁੰਡੇ ਉਸ ਨੂੰ ਆਖਣ ਲੱਗੇ। "ਇੱਕ ਵਾਰ ਨਾਮ ਤਾਂ ਲਓ ਉਸਦਾ। ਮੇਰਾ ਦੋਸਤ ਪੁਲਿਸ ਵਿੱਚ ਹੈ। ਮਰਵਾਈਏ ਰੇਡ ਉਸ ਦੇ ਘਰ।" ਇੱਕ ਹੋਰ ਮੁੰਡਾ ਬੋਲ ਪਿਆ। ਮੁੰਡਿਆਂ ਦੇ ਇਹ ਬੋਲ ਸੁਣ ਕੇ ਉਹ ਕੁਰਸੀ ਤੋਂ ਉੱਠ ਕੇ ਖੜ੍ਹਾ ਹੋ ਗਿਆ ਤੇ ਅੱਖਾਂ ਪੂੰਝ ਕੇ ਆਖਣ ਲੱਗਾ, "ਹੁਣ ਮੈਨੂੰ ਹੌਸਲਾ ਹੋ ਗਿਐ। ਹੁਣ ਨਹੀਂ ਮੈਂ ਰੋਂਦਾ। ਹੁਣ ਤਾਂ ਮੈਂ ਇੱਕ ਪਾਸਾ ਕਰਕੇ ਹੀ ਹਟੂੰ।"

SANJHI SOCH
ਰੀਨੂ ਕੌਰ
ਖੋਜਾਰਥੀ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ,ਪਟਿਆਲਾ


# ਅਸੀਮ ਆਸਾਂ

ਤੋਪਾਂ ਗਰਜਦੀਆਂ ਹਨ, ਮਿਜ਼ਾਈਲਾਂ ਉੱਠਦੀਆਂ ਹਨ,
ਅੱਖਾਂ ਹੈਰਾਨੀ ਨਾਲ ਅਸਮਾਨ ਵੱਲ ਚੁੱਕੀਆਂ ਜਾਂਦੀਆਂ ਹਨ।
ਬੰਬ ਆਮ ਹਨ, ਧਮਾਕਿਆਂ ਦਾ ਰੁਟੀਨ,
ਸਾਇਰਨ ਚੀਕਦੇ ਹਨ, ਚੁੱਪ ਹੁਣ ਅਣਦੇਖੀ ਹੈ।
ਗਰੀਬਾ ਨੂੰ ਅਣਦੇਖਾ ਕੀਤਾ ਜਾ ਰਿਹਾ ਹੈ ,
ਮਨੁੱਖਤਾ ਮਰ ਰਹੀ ਹੈ,
ਝੂਠ ਦਾ ਸਹਾਰਾ ਲੈ ਦੇਸ਼ਾਂ ਦੇ ਦੇਸ਼ ਤਬਾਹ ਕੀਤੇ ਜਾ ਰਹੇ ਹਨ।
ਵਿਸ਼ਵਵਿਆਪੀ ਨਿਰਾਸ਼ਾ ਫੈਲਾਈ ਜਾ ਰਹੀ ਹੈ,
ਸੱਚ ਅਤੇ ਸ਼ਾਂਤੀ ਬਹੁਤ ਪਿੱਛੇ ਰਹਿ ਗਈ ਹੈ।
ਬੱਚੇ ਭਟਕਦੇ ਹਨ, ਬੇਗੁਨਾਹਾਂ ਦੇ ਖ਼ੂਨ ਵਿਚ ਲੱਥ-ਪੱਥ
ਜੀਵੰਤ ਗਲੀਆਂ ਹੁਣ ਦਰਦ ਨਾਲ ਗੂੰਜ ਰਹੀਆਂ ਹਨ।
ਧੁੰਦਲੇ ਪਰਛਾਵਿਆਂ ਵਿੱਚੋਂ, ਇੱਕ ਰੋਸ਼ਨੀ ਦਿਖਾਈ ਦਿੰਦੀ ਹੈ
ਪਰ ਫਿਰ ਤੋਂ ਇੱਕ ਚੰਗਿਆੜੀ ਭੜਕਦੀ ਹੈ,
ਡਰ ਨੂੰ ਪਿੱਛੇ ਧੱਕਦੀ ਹੈ।
ਸ਼ਾਂਤੀ ਦੀਆਂ ਫੁਸਫੁਸੀਆਂ ਵਿੱਚ, ਗਲੇ ਲਗਾਉਣ ਦਾ ਸੱਦਾ ਹੈ,
ਇੱਕ ਟੁੱਟੀ ਹੋਈ ਜਗ੍ਹਾ ਦੇ ਜ਼ਖ਼ਮਾਂ ਨੂੰ ਭਰਨ ਲਈ।
ਪਰ ਬਾਜ਼ਾਰਾਂ ਵਿਚ ਗੂੰਜਦੀਆਂ ਰੁੱਝਨਾਵਾਂ,
ਨਫਰਤ ਦੇ ਜੰਗਲਾਂ ਵਿਚ ਖੋਜਦੀਆਂ ਬੱਸਾਂ।
ਖ਼ੂਨ ਦਾ ਮੀਹ, ਨਗਰ ਸਲੇਟੀ ਰੰਗ ਵਿੱਚ,
ਸਾਰਿਆਂ ਦੀ ਚੁਪ, ਤੇ ਸ਼ੋਰ ਹੈ ਅਸਮਾਨ ਵਿਚ।
ਜਲਦਾ ਹੈ ਹਰ ਥਾਂ ਆਕਾਸ਼ ਦਾ ਭਰਮ,
ਅਗਾਊਂ ਟਹਿਲਦੇ ਸੁਪਨੇ ਕਰਾਹ ਰਹੀ ਜਿੰਦ ਹੈ।
ਦੁਨੀਆਂ ਤੇ ਭੂਤ ਭਟਕਣਗੇ, ਪਰ ਸ਼ਾਂਤੀ ਨਹੀਂ ਮਰੇਗੀ ਫਿਰ ਵੀ
ਜ਼ਖ਼ਮ ਭਰ ਜਾਣਗੇ “ਫਲੋਰਾ” ਅਤੇ ਸੱਚ ਜਿੱਤ ਜਾਏਗਾ।

ਸਾਂਝੀ ਸੋਚ
Surjit Singh Flora
6 Havelock Drive
Brampton, Canada
647-829-9397


LARRY T. NIERMEYER

Attorney at Law
OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation

PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

WE HAVE THE CHEAPEST FARES TO INDIA

# LEGEND TRAVEL




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA


APCA
American Petroleum and Convenience Store Association
Presents
Golf Tournament 2026
Supporting non- Profits
Children's Miracle Network
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register


PROPANE
Coca-Cola
APCA
American Petroleum and Convenience Store Association
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

AMERICAN PETROLEUM AND CONVENIENCE STORE ASSOCIATION

INVITES YOU

GOLF TOURNAMENT 2026

APRIL 8, 2026

CHARDONNAY GOLF CLUB
NAPA COUNTY, CA 94503

SUPPORTING NON-PROFIT

Children's Miracle Network Hospitals
Change Kids' Health. Change the Future.





Followed by APCA's 12th Annual Trade Show

APCA is a non-profit grassroots, membership based community organization providing representation for small to medium sized enterprises.






Thursday
April 9, 2026

12:30 pm - 5:30 pm

Sunrise Banquet Hall & Events

620 Orange Drive
Vacaville, CA 95687

To register please

click link below.

Register

www.apca.us

For more information please contact: kewal@apca.us


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ® CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**



**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899    (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 169**

ਗਉੜੀ ਪੂਰਬੀ ਮਹਲਾ ੪ ॥

ਜਗਜੀਵਨ ਅਪਰੰਪਰ ਸੁਆਮੀ ਜਗਦੀਸੁਰ ਪੁਰਖ ਬਿਧਾਤੇ ॥ ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ ॥੧॥ ਰਾਮ ਮੇਰਾ ਮਨੁ ਹਰਿ ਸੇਤੀ ਰਾਤੇ ॥ ਸਤਸੰਗਤਿ ਮਿਲਿ ਰਾਮ ਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ ॥੧॥ ਰਹਾਉ ॥ ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ ॥ ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ ॥੨॥ ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ ॥ ਦੁਰਮਤਿ ਮੈਲੁ ਗਈ ਸਭ ਤਿਨ ਕੀ ਜੋ ਰਾਮ ਨਾਮ ਰੰਗਿ ਰਾਤੇ ॥੩॥ ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ ॥ ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਹਰਿ ਜਪੀਐ ਹਰਿ ਕਿਰਪਾ ਤੇ ॥੪॥੨॥੧੬॥੫੪॥ {ਪੰਨਾ 169}

ਭਾਵ ਅਰਥ:-

ਹੇ ਪ੍ਰਭੂ! ਜੀਵਨ ਦੇਣ ਵਾਲੇ ਅਗੰਮ ਅਪਰੰਪਾਰ ਦਾਤੇ ਆਪਨੂੰ ਅਸੀਂ ਆਪਣੀਆਂ ਗਿਆਨ ਇੰਦਰੀਆਂ ਨਾਲ ਸੰਪੂਰਨ ਤੌਰ ਤੇ ਨਹੀਂ ਪਾ ਸਕਦੇ, ਆਪ ਪ੍ਰਭੂ ਪਰਮਾਤਮਾ ਅਕਾਲ ਪੁਰਖ ਦਾਤਾਰ ਹੋ ਤੇ ਜੀਵਾਂ ਦਾ ਆਸਰਾ ਹੋ॥ ਆਪ ਜੀ ਦੀ ਹੀ ਕਰਾਮਾਤ ਹੈ ਕਿ ਪ੍ਰਾਣੀ ਨੂੰ ਜਿੱਧਰ ਆਪ ਨੇ ਲਾਉਣਾ ਉਸ ਨੇ ਉਧਰ ਹੀ ਜਾਣਾ ਹੈ। (ਭਾਵ ਉਸਨੇ ਉਹੀ ਕਰਮ ਕਰਨਾ ਹੈ ਜੋ ਆਪ ਦਾ ਹੁਕਮ ਹੋਏਗਾ)॥੧॥

ਮੇਰਾ ਹਿਰਦਾ ਉਸ ਪ੍ਰਭੂ ਨਾਲ ਜੁੜਿਆ ਹੋਇਆ ਹੈ। ਜਦੋਂ ਮੈਨੂੰ ਸਾਧੂ ਸੰਗਤ ਮਿਲੀ ਤੇ ਉਹਦੇ ਨਾਮ ਨਾਲ ਵਾਸਤਾ ਪਿਆ। ਉਸ ਨਾਮ ਬਾਣੀ ਦੇ ਰਾਹੀਂ ਮੇਰਾ ਮਿਲਾਪ ਉਸ ਦਾਤੇ ਨਾਲ ਹੋਇਆ॥੧॥ ਰਹਾਉ॥

ਉਸ ਹਰੀ ਪ੍ਰਭੂ ਵਾਹਿਗੁਰੂ ਦਾ ਨਾਮ ਦਵਾਈ ਅਤੇ ਸ਼ਾਂਤੀ ਦਾ ਕੰਮ ਕਰਦਾ ਹੈ। ਜਿਸ ਨੇ ਗੁਰੂ ਦੀ ਮੱਤ ਮੁਤਾਬਿਕ ਅਕਾਲ ਪੁਰਖ ਦੇ ਨਾਮ ਦਾ ਭੋਜਨ ਖਾ ਲਿਆ ਸਮਝੋ ਉਸਦੇ ਸਾਰੇ ਪਾਪ ਦੋਖ ਦੂਰ ਹੋ ਗਏ॥੨॥

ਜਿਸ ਦੇ ਵੱਡੇ ਭਾਗ ਨੇ ਉਸ ਨੂੰ ਅੰਮ੍ਰਿਤ ਸਰੋਵਰ ( ਅੰਮ੍ਰਿਤ ਸਰ) ਦੇ ਦਰਸ਼ਨ ਤੇ ਇਸ਼ਨਾਨ ਹਾਸਿਲ ਹੁੰਦੇ ਹਨ। ਜਿਹੜਾ ਮਨੁੱਖ ਉਸ ਪਾਰਬ੍ਰਹਮ ਪਰਮਾਤਮਾ ਨਾਲ ਜੁੜ ਗਿਆ ਉਸ ਦੇ ਸਾਰੇ ਵਿਕਾਰ ਪਾਪ ਧੋਤੇ ਗਏ॥੩॥

ਹੇ ਰਾਮ ਪ੍ਰਭੂ! ਹੇ ਸਤ ਕਰਤਾਰ! ਬਸ ਆਪ ਹੀ ਆਪ ਹੋ ਆਪ ਤੋਂ ਵੱਡਾ ਹੋਰ ਕੋਈ ਦਾਨੀ ਨਹੀਂ ਹੈ। ਦਾਸ ਨਾਨਕ ਅਰਜੋਈ ਕਰਦੇ ਹਨ ਹੇ ਸਰਬ ਉੱਤਮ ਪੁਰਸ਼! ਮੈਂ ਆਪ ਜੀ ਦੇ ਨਾਮ ਆਸਰੇ ਹੀ ਜਿਉਂਦਾ ਹਾਂ, ਸੋ ਆਪਣੀ ਕਿਰਪਾ ਬਣਾਈ ਰੱਖ ਤਾਂ ਜੋ ਮੈਂ ਆਪਦੇ ਨਾਮ ਨਾਲ ਜੁੜਿਆ ਰਹਾਂ॥੪॥

ਗਉੜੀ ਪੂਰਬੀ ਮਹਲਾ ੪ ॥

ਕਰਹੁ ਕ੍ਰਿਪਾ ਜਗਜੀਵਨ ਦਾਤੇ ਮੇਰਾ ਮਨੁ ਹਰਿ ਸੇਤੀ ਰਾਚੇ ॥ ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ ਜਪਿ ਹਰਿ ਹਰਿ ਹਰਿ ਮਨੁ ਮਾਚੇ ॥੧॥ ਰਾਮ ਮੇਰਾ ਮਨੁ ਤਨੁ ਬੇਧਿ ਲੀਓ ਹਰਿ ਸਾਚੇ ॥ ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ ॥੧॥ ਰਹਾਉ ॥ ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ ॥ ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ ॥੨॥ ਤੁਮ ਦਇਆਲ ਸਰਣਿ ਪ੍ਰਤਿਪਾਲਕ ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ ॥ ਹਰਿ ਕੇ ਦਾਸ ਦਾਸ ਹਮ ਕੀਜੈ ਮਨੁ ਨਿਰਤਿ ਕਰੇ ਕਰਿ ਨਾਚੇ ॥੩॥ ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾ ਚੇ ॥ ਮੇਰਾ ਮਨੁ ਤਨੁ ਜੀਉ ਰਾਸਿ ਸਭ ਤੇਰੀ ਜਨ ਨਾਨਕ ਕੇ ਸਾਹ ਪ੍ਰਭ ਸਾਚੇ ॥੪॥੩॥੧੭॥੫੫॥ {ਪੰਨਾ 169}

ਭਾਵ ਅਰਥ:-

ਇਹ ਜਗਤ ਨੂੰ ਜੀਵਨ ਦੇਣ ਵਾਲੇ ਦਾਤਾਰ ਜੀਓ ਮੇਰੇ ਤੇ ਵੀ ਕਿਰਪਾ ਕਰੋ ਤਾਂ ਕਿ ਮੇਰਾ ਮਨ ਵੀ ਆਪ ਜੀ ਦੇ ਨਾਮ ਵਿੱਚ ਰਚ ਜਾਵੇ। ਕਿਰਪਾ ਕਰੋ ਤੇ ਮੈਨੂੰ ਵੀ ਅਜਿਹੇ ਸ਼ਬਦਾਂ ਨਾਲ ਜੋੜੋ। ਮੈਨੂੰ ਜਿਹੜਾ ਗੁਰੂ ਨੇ ਵਚਨ ਦਿੱਤਾ ਸਿੱਖਿਆ ਦਿੱਤੀ ਹੈ, ਮੈਂ ਉਸ ਨੂੰ ਪੜ੍ਹ ਪੜ੍ਹ ਕੇ ਅਤੇ ਅੰਤ ਪ੍ਰਸੰਨ ਹੋਇਆ ਤੰਦਰੁਸਤ ਹੋਇਆ ਹਾਂ॥੧॥

ਹੇ ਪ੍ਰਭੂ! ਤੂੰ ਸਦਾ ਥਿਰ ਰਹਿਣ ਵਾਲਾ ਹੈਂ ਤੇ ਤੂੰ ਹੀ ਮੇਰਾ ਮਨ ਆਪਣੇ ਰੰਗ ਅੰਦਰ ਰੰਗ ਲਿਆ ਹੈ । ਸੰਪੂਰਨ ਜਗਤ, ਕਾਲ ਦੇ ਵੱਸ ਵਿੱਚ ਪਿਆ ਹੋਇਆ ਹੈ । ਹੇ ਦਾਤਿਆ ! ਤੂੰ ਮੈਨੂੰ ਆਪਣਾ ਨਾਮ ਦੇ ਕੇ ਉਸ ਤੋਂ ਬਚਾ ਲਿਆ ਹੈ॥੧॥ ਰਹਾਉ॥

ਜਿਨਾਂ ਨੂੰ ਉਸ ਨਿਰੰਕਾਰ ਪ੍ਰਭੂ ਨਾਲ ਪ੍ਰੀਤ ਨਹੀਂ ਹੈ ਉਹ ਪਾਪੀ ਮੂਰਖ ਤੇ ਕੱਚੇ ਇਨਸਾਨ ਹਨ। (ਅਸਲ ਵਿੱਚ ਇਨਸਾਨ ਨਹੀਂ) ਉਹਨਾਂ ਲਈ ਜੀਵਨ ਅਤੀ ਕਠਿਨ ਹੈ ਤੇ ਉਹ ਅੰਤ ਨੂੰ ਗੰਦਗੀ ਵਿੱਚ ਹੀ ਸਮਾ ਜਾਂਦੇ ਹਨ॥੨॥

ਹੇ ਦਾਤਾ! ਤੂੰ ਦਿਆਲ ਪੁਰਾਣੀਆਂ ਨੂੰ ਪਾਲਣ ਵਾਲਾ ਹੈ ਤੇ ਮੈਂ ਤੇਰੇ ਕੋਲੋਂ ਬੇਨਤੀ ਰੱਤ ਇਹੀ ਦਾਤ ਮੰਗਦਾ ਹਾਂ।( ਹੇ ਪ੍ਰਭੂ) ਤੂੰ ਸਾਨੂੰ ਆਪਣੇ ਦਾਸਾਂ ਦੇ ਦਾਸ ਬਣਾ ਕੇ ਇੰਨੀ ਖੁਸ਼ੀ ਬਖਸ਼ੀ ਹੈ ਕਿ ਮੇਰਾ ਮਨ ਮਯੂਰ ਨੱਚ ਉੱਠਿਆ ਹੈ॥੩॥

ਹੇ ਹਰੀ ਪ੍ਰਭੂ ! ਆਪ ਸ਼ਾਹੂਕਾਰ ਹੋ, ਹਰ ਇੱਕ ਨੂੰ ਦਾਨ ਦਿੰਦੇ ਹੋ ,ਸਭ ਦੇ ਮਾਲਕ ਤੇ ਅਸੀਂ ਤੇਰੇ ਨਾਮ ਦੇ ਵਪਾਰੀ ਹਾਂ। ਹੇ ਨਾਨਕ! ਮੇਰਾ ਤਨ ਮਨ ਉਸ ਪ੍ਰਭੂ ਦੀ ਰਾਸ ਪੂੰਜੀ ਹੈ ਜਿਹੜਾ ਸਦਾ ਥਿਰ ਰਹਿਣ ਵਾਲਾ ਹੈ॥੪॥

ਗਉੜੀ ਪੂਰਬੀ ਮਹਲਾ ੪ ॥

ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ ॥ ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ ॥੧॥ ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥ ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ ਰਹਾਉ ॥ ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥ ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ ॥੨॥ ਜਿਨ ਕਉ ਗੁਰੁ ਸਤਿਗੁਰੁ ਨਹੀ ਭੇਟਿਆ ਤੇ ਸਾਕਤ ਮੂੜ ਦਿਵਾਨੇ ॥ ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ ॥੩॥ ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ ॥ ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ ॥੪॥੪॥੧੮॥੫੬॥ {ਪੰਨਾ 169-170}

ਹੇ ਮੇਰੇ ਗੋਬਿੰਦ ਪ੍ਰਭੂ! ਜੀ ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲੇ ਹੋ , ਮੇਰੀ ਇੱਕ ਬੇਨਤੀ ਕੰਨ ਲਾ ਕੇ ਸੁਣਿਓ। ਜਿਸ ਤੋਂ ਆਪ ਹਰਿ ਪ੍ਰਭੂ ਜਾਣੇ ਜਾਂਦੇ ਹੋ, ਮੇਰੀ ਜਿੰਦ ਜਾਨ ਗੁਰੂ ਨਾਲ ਮੈਨੂੰ ਮਿਲਾ ਦਿਓ॥੧॥

ਹੇ ਪ੍ਰਭੂ! ਮੈਂ ਉਸ ਸੱਚੇ ਗੁਰੂ ਨੂੰ, ਪਾਰਬ੍ਰਹਮ ਪਰਮੇਸ਼ਵਰ ਦੇ ਤੁਲ ਮੰਨਦਾ ਹਾਂ। ਮੈਨੂੰ ਮੂਰਖ ਅੰਜਾਨ ਅਬੋਲ, ਬੇਸੁੱਧ ਤੇ ਮਤਹੀਨ ਨੂੰ ਗੁਰੂ ਦੇ ਬਚਨਾਂ ਨੇ ਤੇਰੇ ਪ੍ਰਤੀ ਬੁੱਧੀ ਬਖਸ਼ਿਸ਼ ਕੀਤੀ॥੧॥ ਰਹਾਉ॥

ਜੀਵਨ ਵਿੱਚ ਜਿੰਨੀਆਂ ਵੀ ਅਸੀਂ ਰੰਗ ਰਲੀਆਂ ਦੇਖੀਆਂ, ਉਹਨਾਂ ਦਾ ਅੰਤ ਬੇਕਾਰ ਸੀ। ਹੇ ਪ੍ਰਭੂ! ਇਕ ਤੇਰੇ ਨਾਮ ਦਾ ਰਸ ,ਜੋ ਗੁਰੂ ਨੇ ਸਾਨੂੰ ਦਿਖਾਇਆ ਸੀ ਦਿੱਤਾ ਸੀ ਉਹੀ ਮਿੱਠਾ ਤੇ ਜਿਸ ਦੇ ਆਨੰਦ ਨਾਲ ਅਸੀਂ ਖੁਸ਼ੀਆਂ ਮਨਾਉਣ ਲੱਗ ਗਏ ਹਾਂ ॥੨॥

ਜਿਨਾਂ ਨੂੰ ਸੱਚੇ ਗੁਰੂ ਦੀ ਪ੍ਰਾਪਤੀ ਨਹੀਂ ਹੋਈ ਉਹ ਇੱਕ ਤਰਾਂ ਪਾਪੀ ਤੇ ਪਾਗਲ ਹੀ ਰਹਿ ਗਏ। ਅੱਜ ਇਹ ਭਾਗਹੀਨ ਹੀ ਰਹਿ ਗਏ ਤੇ ਮੇਰੇ ਵਰਗੇ ਨਾਮ ਦੀ ਰੌਸ਼ਨੀ ਵਿੱਚ ਬਚ ਗਏ॥੩॥

ਹੇ ਦਾਤਾ !ਜਿਹਦੇ ਉੱਤੇ ਤੂੰ ਆਪ ਕਿਰਪਾ ਕਰਦਾ ਹੈਂ ਉਸ ਨੂੰ ਹੀ ਆਪਣੀ ਸੇਵਾ ਲਾਉਂਦਾ ਹੈਂ॥੩॥

ਹੇ ਨਾਨਕ! ਗੁਰੂ ਦੇ ਮਾਰਗਦਰਸ਼ਨ ਨਾਲ ਪ੍ਰਾਣੀ ਪਰਮਾਤਮਾ ਦਾ ਨਾਮ ਜਪ ਜਪ ਕੇ ਨਾਮ ਵਿੱਚ ਹੀ ਸਮਾ ਜਾਂਦਾ ਹੈ॥੪॥੨

**ਅੰਗ 170**

ਗਉੜੀ ਪੂਰਬੀ ਮਹਲਾ ੪ ॥

ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ ॥ ਹਰਿ ਆਪੇ ਬਖਸਿ ਲਏ ਪ੍ਰਭੁ ਸਾਚਾ ਹਰਿ ਆਪਿ ਛਡਾਏ ਛੁਟੀਐ ॥੧॥ ਮੇਰੇ ਮਨ ਜਪਿ ਹਰਿ ਹਰਿ ਹਰਿ ਮਨਿ ਜਪੀਐ ॥ ਸਤਿਗੁਰ ਕੀ ਸਰਣਾਈ ਭਜਿ ਪਉ ਮੇਰੇ ਮਨਾ ਗੁਰ ਸਤਿਗੁਰ ਪੀਛੈ ਛੁਟੀਐ ॥੧॥ ਰਹਾਉ ॥ ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ ਵਸੀਐ ॥ ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ ॥੨॥ ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ ॥ ਹਰਿ ਹਰਿ ਆਪਿ ਦਇਆ ਕਰਿ ਦੇਵੈ ਤਾ ਅੰਮ੍ਰਿਤੁ ਹਰਿ ਰਸੁ ਚਖੀਐ ॥੩॥ ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ ॥ ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ ॥੪॥ ਮੇਰੇ ਮਨ ਸੇਵਹੁ ਅਲਖ ਨਿਰੰਜਨ ਨਰਹਰਿ ਜਿਤੁ ਸੇਵਿਐ ਲੇਖਾ ਛੁਟੀਐ ॥ ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ ॥੫॥੫॥੧੯॥੫੭॥ {ਪੰਨਾ 170}

ਭਾਵ ਅਰਥ:-

ਹੇ ਮੇਰੇ ਮਨਾ ! ਉਹ ਉੱਤਮ ਪੁਰਖ ਵਿਧਾਤਾ ਹਮੇਸ਼ਾ ਮੇਰੇ ਨਾਲ ਹੈ ,ਅਸੀਂ ਉਸ ਤੋਂ ਕਿਤੇ ਨਹੀਂ ਭੱਜ ਸਕਦੇ। ਸਾਡੇ ਮਾੜੇ ਕਰਮਾਂ ਤੋਂ ਜੇ ਉਹ ਆਪ ਚਾਹੇ ਤਾਂ ਛਡਾ ਸਕਦਾ ਹੈ , ਨਹੀਂ ਤਾਂ ਅਸੀਂ ਆਪਣੇ ਪਾਪ ਆਪ ਨਹੀਂ ਧੋ ਸਕਦੇ॥੧॥

ਹੇ ਮੇਰੇ ਹਿਰਦੇ! ਤੂੰ ਸਦਾ ਸਦਾ ਤੇ ਸਦਾ ਹੀ ਉਸ ਪ੍ਰਭੂ ਦਾ ਉਸ ਕਰਤਾਰ ਦਾ ਨਾਮ ਜਪਣਾ ਕਰ, ਉਹਦੀ ਸਿਫਤ ਸਲਾਹ ਕਰਨੀ ਕਰ। ਹੇ ਮੇਰੇ ਮਨਾ! (ਗੁਰੂ ਜਿਸ ਨੇ ਗਿਆਨ ਦਿੱਤਾ ਹੈ ਜਿਸ ਦੇ ਕਾਰਨ ਅਸੀਂ ਪ੍ਰਭੂ ਨਾਲ ਜੁੜ ਸਕੇ ਹਾਂ) ਉਸ ਨੂੰ ਅਸੀਂ ਪਿੱਛੇ ਛੱਡ ਆਏ ਆਂ ਭੁੱਲ ਆਏ ਹਾਂ॥੧॥ ਰਹਾਉ॥

ਹੇ ਮੇਰੇ ਮਨਾ! ਉਸ ਸੱਚੇ ਕਰਤਾਰ ਦੀ ਬੰਦਗੀ ਕਰ ਜਿਹੜਾ ਸਾਰੇ ਸੁੱਖਾਂ ਦਾ ਦੇਣਹਾਰ ਹੈ ਤੇ ਜਿਸ ਨੇ ਆਪਣੇ ਘਰ ਵਿੱਚ ਵਾਸਾ ਦਿੱਤਾ ਹੈ। ਗੁਰੂ ਦਾ ਸਤਿਕਾਰ ਕਰਨ ਵਾਲਾ ਸੱਚੇ ਪਾਤਸ਼ਾਹ ਅਕਾਲ ਪੁਰਖ ਦੇ ਦਰਬਾਰ ਵਿੱਚ ਢੋਈ ਪਾ ਲੈਂਦਾ ਹੈ ਤੇ ਉਸ ਦੇ ਦਿੱਤੇ ਹੋਏ ਜਸ ਨੂੰ ਚੰਦਨ ਸਮਝ ਕੇ, ਘਸਾ ਕੇ ਆਪਣੇ ਪਿੰਡੇ ਤੇ ਮਲਦਾ ਹੈ॥੨॥

ਹੇ ਮੇਰੇ ਮਨਾ ! ਜਦੋਂ ਅਸੀਂ ਉਸ ਅਕਾਲ ਪੁਰਖ ਦਾ ਨਾਮ ਬਾਰ ਬਾਰ (ਦਿਨ ਰਾਤ) ਜਪਦੇ ਹਾਂ ਤਾਂ ਸਾਨੂੰ ਉਸਦੇ ਜਸ ਦਾ ਲਾਹਾ ਮਿਲਦਾ ਹੈ , ਜਿਸ ਕਾਰਨ ਸਾਡੇ ਜੀਵਨ ਵਿੱਚ ਖੁਸ਼ੀਆਂ ਖੇੜੇ ਆ ਜਾਂਦੇ ਹਨ। ਉਸਦੇ ਨਾਮ ਦਾ ਜੇ ਅੰਮ੍ਰਿਤ ਦੇ ਸਾਨੂੰ ਮਿਲ ਸਕਦਾ ਹੈ ਤਾਂ ਹੀ ਉਸਦਾ ਰਸ ਅਸੀਂ ਚੱਖ ਸਕਦੇ ਹਾਂ॥੩॥

ਹੇ ਮੇਰੇ ਮਨਾ ! ਤੇਰੇ ਪਵਿੱਤਰ ਨਾਮ ਤੋਂ ਬਿਨਾਂ ਜਿਹੜੇ ਲੋਕ ਦੂਜੇ ਭਾਵਾਂ ਵਿੱਚ ਗਲਤਾਨ ਹਨ (ਭਾਵ ਮਾਇਆ ਮੋਹ ਤੇ ਵਿਕਾਰਾ ਵਿੱਚ ਫਸੇ ਹਨ) ਉਹਨਾਂ ਪਾਪੀਆਂ ਨੂੰ ਜਮ ਘੁੱਟ ਕੇ ਮਾਰ ਦਿੰਦਾ ਹੈ ਤੇ ਅਜਿਹੇ ਚੋਰ ਠੱਗ ਪਾਪ ਕਮਾਉਣ ਵਾਲੇ ਨਾਮ ਤੋਂ ਵਾਂਝੇ ,ਪ੍ਰਭੂ ਦੇ ਨੇੜੇ ਨਹੀਂ ਭਟਕ ਸਕਦੇ॥੪॥

ਹੇ ਮੇਰੇ ਮਨਾ! ਉਸ ਨਾ ਦਿਖਾਈ ਦੇਣ ਵਾਲੇ ਅਤੇ ਦਿਖਾਈ ਦੇਣ ਵਾਲੇ ਨਰ ਰੂਪ ਵਿੱਚ ਪ੍ਰਗਟ ਪ੍ਰਭੂ ਪਰਮਾਤਮਾ ਨੂੰ ਜਿਵੇਂ ਸੇਵਾ ਕਰੀਏ ਤਾਂ ਹੀ ਸਾਨੂੰ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ। ਉਹ ਦਾਤਾ ਚੰਗੇ ਨੂੰ ਚੰਗਾ ਤੇ ਮਾੜੇ ਨੂੰ ਮਾੜਾ, ਪੂਰੀ ਤਰਾਂ ਨਾਪ ਤੋਲ ਕੇ ਹੀ , ਇਨਸਾਫ, ਉਸ ਦੇ ਕਰਮਾਂ ਅਨੁਸਾਰ ਬਖਸ਼ਿਸ਼ ਕਰਦਾ ਹੈ॥੫॥

ਗਉੜੀ ਪੂਰਬੀ ਮਹਲਾ ੪ ॥

ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ ॥ ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ ॥੧॥ ਰਾਮ ਮੇਰੈ ਮਨਿ ਤਨਿ ਲੋਚ ਮਿਲਣ ਹਰਿ ਕੇਰੀ ॥ ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ ॥੧॥ ਰਹਾਉ ॥ ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ ਤੁਮ ਹਰਿ ਜਾਨਹੁ ਮੇਰੀ ॥ ਅਨਦਿਨੁ ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ ॥੨॥ ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ ॥ ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ ਜਨ ਕੇਰੀ ॥੩॥ ਜਗੰਨਾਥ ਜਗਦੀਸੁਰ ਕਰਤੇ ਸਭ ਵਸਗਤਿ ਹੈ ਹਰਿ ਕੇਰੀ ॥ ਜਨ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਪੈਜ ਜਨ ਕੇਰੀ ॥੪॥੬॥੨੦॥੫੮॥ {ਪੰਨਾ 170}

ਭਾਵ ਅਰਥ:-

ਹੇ ਮੇਰੇ ਦਾਤਾ! ਸਾਡੇ ਜੀ ਪ੍ਰਾਣ ਸਭ ਤੇਰੇ ਹੱਥਾਂ ਵਿੱਚ ਹਨ, ਇੱਥੇ ਤੱਕ ਕਿ ਮੇਰਾ ਸਰੀਰ ਤੇ ਮਨ ਵੀ ਤੇਰਾ ਹੀ ਹੈ। ਮੇਰੇ ਗਰੀਬੜੇ ਤੇ ਕਿਰਪਾ ਕਰੋ ਤੇ ਮੇਰੀ ਤਾਂਗ ਜਿਹੜੀ ਕਿ ਆਪ ਜੀ ਦੇ ਦਰਸ਼ਨਾਂ ਵਾਸਤੇ ਹੈ, ਉਸ ਨੂੰ ਪੂਰੀ ਕਰੋ॥੧॥

ਹੇ ਮੇਰੇ ਰਾਮ ਪ੍ਰਭੂ! ਆਪ ਜੀ ਦੇ ਦਰਸ਼ਨਾਂ ਦੀ ਤਾਂਗ ਮੇਰੇ ਅੰਦਰ ਅਤਿਅੰਤ ਜੋਰ ਮਾਰਦੀ ਹੈ। ਹੇ ਦਾਤਾ! ਤੂੰ ਮੇਰੀ ਅਰਜੋਈ ਨੂੰ ਕਿਰਪਾਲ ਹੋ ਕੇ ਦਇਆਲੂ ਹੋ ਕੇ ਮੰਨ ਲਿਆ ਤੇ ਮੈਂ ਤੇਰੇ ਦਰਸ਼ਨ ਦੀਦਾਰੇ ਪਾ ਲਏ ਨੇ। ॥੧॥ ਰਹਾਉ॥

ਹੇ ਮੇਰੇ ਪਾਰਬ੍ਰਹਮ ਪਰਮੇਸ਼ਵਰ ! ਤੂੰ ਮੇਰੇ ਦਿਲ ਦੀਆਂ ਜਾਣਦਾ ਹੈਂ। ਜੇ ਮੈਂ ਹਰ ਰੋਜ਼ ਤੇਰੇ ਨਾਮ ਦਾ ਸਿਮਰਨ ਕਰਦਾ ਹਾਂ ਤਾਂ ਹੀ ਜਿਉਂਦਾ ਹਾਂ ਤੇ ਹਰ ਰੋਜ਼ ਮੈਨੂੰ ਤੇਰੇ ਦਰਸ਼ਨ ਦੀਦਾਰਿਆਂ ਦੀ ਉਮੀਦ ਰਹਿੰਦੀ ਹੈ॥੨॥

ਜਦੋਂ ਮੈਨੂੰ ਸੱਚੇ ਗੁਰੂ ਨੇ ਪ੍ਰਭੂ ਦਾ ਮਾਰਗ ਦੱਸਿਆ ਭਾਵ ਬਾਣੀ ਨਾਲ ਜੋੜਿਆ ਤਾਂ ਮੇਰਾ ਮਿਲਾਪ ਉਸ ਦਾਤੇ ਨਾਲ ਹੋ ਗਿਆ। ਮੇਰੇ ਵੱਡੇ ਭਾਗ ਸਨ ਕਿ ਹਰ ਰੋਜ਼ ਮੇਰੀ ਉਮੀਦ ਪੂਰੀ ਹੁੰਦੀ ਰਹੀ ਤੇ ਮੈਂ ਆਨੰਦ ਵਿਭੋਰ ਹੁੰਦਾ ਰਿਹਾ॥੩॥

ਹੇ ਜਗਤ ਦੇ ਦਾਤਾ, ਕੁਲ ਦੁਨੀਆਂ ਦੇ ਮਾਲਕ, ਜਗਦੀਸ਼ਵਰ ਪ੍ਰਭੂ, ਜੋ ਕੁਝ ਵੀ ਦੁਨੀਆਂ ਤੇ ਹਰ ਥਾਂ ਘਟ ਰਿਹਾ ਹੈ, ਉਹ ਤੇਰਾ ਹੀ ਕੀਤਾ ਹੋਇਆ ਹੈ। ਦਾਸ ਨਾਨਕ ਜੀ! ਬੇਨਤੀ ਕਰਦੇ ਹਨ ਕਿ ਹੇ ਦਾਤਾ ਮੈਂ ਤੇਰੀ ਸ਼ਰਣੀ ਪਿਆ ਹਾਂ ਮੇਰੀ ਲਾਜ ਰੱਖੀਂ॥੪॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

SANJHI SOCH TV & DAILY NEWSPAPER

TO EXPAND YOUR BUSINESS IN INDIAN COMMUNITY

Through Newspaper & T.V, Advertise with us just as low as $100 PER MONTH.

Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com Sanjhi Soch TV NRI

ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260